# ਸਮਤਾ

ਅਪ੍ਰੈਲ 1985 (ਅੰਕ 59)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਪ੍ਰੈਲ-1985

ਮੁੱਲ—ਦੋ ਰੁਪਏ

59

**ਇਸ ਅੰਕ ਵਿਚ**


- o ਭਾਰਤ ਵਿਚ ਲਾਗੂ ਕਾਲੇ ਕਾਨੂੰਨਾਂ ਨੇ ਭਾਰਤ ਦੇ ਵਿਧਾਨ ਅਤੇ ਨਿਆਂ ਪਾਲਿਕਾ ਪ੍ਰਣਾਲੀ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਇਸ ਸਿਲਸਿਲੇ ਵਿਚ ਮੇਘਾ ਸਿੰਘ ਸ਼ੇਰ ਗਿੱਲ ਅਤੇ ਗੋਬਿੰਦ ਮੁਖ਼ੋਟੀ ਦੇ ਵਿਸ਼ੇਸ਼ ਲੇਖ—**ਵਿਸ਼ੇਸ਼ ਅਦਾਲਤਾਂ ਦਾ ਢੌਂਗ** ਅਤੇ **ਕੀ ਤੁਸੀਂ ਦਹਿਸ਼ਤ-ਪਸੰਦ ਹੋ ?**
- o ਵਿਚਾਰ ਚਰਚਾ : **ਖਾਲਿਸਤਾਨ ਦਾ ਸੰਕਲਪ ਸਿਖ ਹਿੱਤਾਂ ਦੇ ਲਈ ਨੁਕਸਾਨਦੇਹ ਹੈ,** ਇਸ ਬਾਰੇ ਕਰਮ ਬਰੱਸਟ ਦਾ ਇਕ ਲੇਖ ਅਤੇ ਨਾਲ ਹੀ ਕੈਨੇਡਾ ਨਿਵਾਸੀ ਅਜਮੇਰ ਰੋਡੇ ਦਾ ਲੇਖ
- o ਕਵਿਤਾਵਾਂ : ਜਸਵਿੰਦਰ, ਬਲਬੀਰ ਪਰਵਾਨਾ, ਧਰਮਪਾਲ ਉਪਾਸ਼ਕ
- o ਕਹਾਣੀ : ਅਵਤਾਰ ਓਠੀ
- o ਪਾਠਕ ਲੇਖਕ ਫੋਰਮ : ਹਰਿੰਦਰ ਸਿੰਘ ਛਾਚਾ, ਸੁਖਦੇਵ ਮਾਹੀ ਅਤੇ ਗੁਰਬਖ਼ਸ਼ ਜਸ
- o ਪਲਸ ਮੰਚ ਦੇ ਸਾਲਾਨਾ ਸਮਾਗਮ ਦੀ ਰੀਪੋਰਟ o ਸੰਪਾਦਕੀ ਟਿੱਪਣੀਆਂ


**ਸੰਪਾਦਕੀ**

## ਤੀਜੀ ਧਿਰ ਦੀ ਜ਼ਿੰਮੇਵਾਰੀ

ਪੰਜਾਬ ਦੀ ਰਾਏਆਮਾ ਹੁਣ ਤਿੰਨ ਧਿਰਾਂ ਵਿਚ ਵੰਡੀ ਹੋਈ ਹੈ। ਇਕ ਧਿਰ ਸਿੱਖ ਸੋਚਣੀ ਦੀ ਹੈ, ਦੂਜੀ ਧਿਰ ਹਿੰਦੂ ਸੋਚਣੀ ਹੈ ਅਤੇ ਤੀਜੀ ਧਿਰ ਜਮਹੂਰੀ ਸੋਚ ਵਾਲਿਆਂ ਦੀ ਹੈ। ਪਹਿਲੀਆਂ ਦੋ ਧਿਰਾਂ ਆਪਣੇ ਆਪਣੇ ਫ਼ਿਰਕੇ ਵਿਚ ਬੜੀ ਸ਼ਿਦਤ ਨਾਲ ਜ਼ਹਿਰੀਲਾ ਪ੍ਰਚਾਰ ਕਰ ਰਹੀਆਂ ਹਨ। ਤੀਜੀ ਧਿਰ ਦੀ ਆਵਾਜ਼ ਹੀ ਨਿਰਪੱਖ ਅਤੇ ਦਲੀਲਵਾਦੀ ਹੈ ਜੋ ਪੰਜਾਬ ਦੇ ਭਵਿਖ ਵਾਸਤੇ ਕੋਈ ਉਮੀਦ ਰਖਦੀ ਹੈ। ਬਾਕੀ ਦੋ ਧਿਰਾਂ ਨੇ ਤਾਂ ਕਸਮ ਖਾ ਲਈ ਹੈ ਕਿ ਪੰਜਾਬ ਦੇ ਭਵਿਖ ਨੂੰ ਡੋਬਣਾ ਹੀ ਡੋਬਣਾ ਹੈ।

ਉਮੀਦ ਜ਼ਾਹਰ ਕੀਤੀ ਜਾਂਦੀ ਰਹੀ ਹੈ ਜੇਕਰ ਅਕਾਲੀ ਕੇਂਦਰ ਗਲਬਾਤ ਕੋਈ ਸਿਰੇ ਚੜ੍ਹ ਜਾਏ ਤਾਂ ਪੰਜਾਬ ਦਾ ਸੰਕਟ ਹਲ ਹੋ ਜਾਏਗਾ। ਪਰ ਸਵਾਲ ਉੱਠਦਾ ਹੈ ਕਿ ਕੀ ਅਕਾਲੀ ਲੀਡਰਸ਼ਿਪ ਇਸ ਪੁਜ਼ੀਸ਼ਨ ਵਿਚ ਹੈ ਕਿ ਕੋਈ ਗਲਬਾਤ ਕਰੇ। ਅਕਾਲੀ ਲੀਡਰਸ਼ਿਪ ਦੀ ਹੁਣ ਵੁੱਕਤ ਹੀ ਕੀ ਰਹਿ ਗਈ ਹੈ ? ਅਨੰਦਪੁਰ ਸਾਹਿਬ ਹੋਲੇ ਮਹੱਲੇ ਦਾ ਦੀਵਾਨ ਲਗਿਆ ਹੋਇਆ ਹੈ। ਸਾਰੀ ਲੀਡਰਸ਼ਿਪ ਸਟੇਜ ਤੇ ਬੈਠੀ ਹੋਈ ਹੈ। ਇਕ ਨੌਜਵਾਨ ਉੱਠਦਾ ਹੈ। ਬਾਕਾਇਦਾ ਮਾਇਕ ਤੇ ਆਂਦਾ ਹੈ ਅਤੇ ਜੈਕਾਰਿਆਂ ਦੇ ਦਰਮਿਆਨ ਇਹ ਏਲਾਨ ਕਰਦਾ ਹੈ।

"ਇਹ ਕੁੱਤੇ (ਸਟੇਜ ਤੇ ਬੈਠੇ ਲੀਡਰਾਂ ਵਲ ਇਸ਼ਾਰਾ ਕਰਕੇ) ਕੇਂਦਰ ਨਾਲ ਸਮਝੌਤਾ ਕਰਨਾ ਚਾਹੁਣਗੇ, ਪਰ ਅਸੀਂ ਇਹਨਾਂ ਨੂੰ ਖਬਰਦਾਰ ਕਰਦੇ ਹਾਂ, ਜੇਕਰ ਉਹਨਾਂ ਨੇ ਇਸ ਤਰ੍ਹਾਂ ਕੀਤਾ ਤਾਂ ਇਹ ਕੁੱਤੇ ਦੀ ਮੌਤ ਮਰਨਗੇ, (ਥੱਲਿਓਂ ਜੈਕਾਰੇ)।

ਅਕਾਲੀ ਦਲ ਦੇ ਆਪਣੇ ਦੀਵਾਨ ਵਿਚ ਹੀ ਅਕਾਲੀ ਲੀਡਰਾਂ ਨੂੰ ਕੁੱਤੇ ਕਿਹਾ ਗਿਆ। ਹਾਜ਼ਰ ਲੋਕਾਂ ਵਿਚ ਕੋਈ ਰੋਸ ਨਹੀਂ, ਸਗੋਂ ਜੈਕਾਰੇ ਗੱਜਾਕੇ ਇਸ ਦਾ ਸਵਾਗਤ ਕੀਤਾ ਜਾਂਦਾ ਹੈ। ਲੀਡਰ ਢੀਠਾਂ ਵਾਕੁਰ ਸਟੇਜ ਤੇ ਹੀ ਬੈਠੇ ਰਹਿੰਦੇ ਹਨ। ਇਹ ਕਾਹਦੇ ਲੀਡਰ ਰਹਿ ਗਏ ? ਜੇ ਇਹ ਕੋਈ ਗਲਬਾਤ ਕਰਨ ਵੀ ਤਾਂ ਇਹਦੀ ਕੀ ਗਰੰਟੀ ਹੈ ਕਿ ਇਨ੍ਹਾਂ ਵਲੋਂ ਕੀਤੇ ਗਏ ਕਿਸੇ ਵੀ ਸਮਝੌਤੇ ਦੀ ਪੁਸ਼ਟੀ ਕੀਤੀ ਜਾਏਗੀ। ਧਾਰਮਿਕ ਦੀਵਾਨਾਂ 'ਚ ਹੁਣ ਕੋਈ ਗਲ ਸੰਜੀਦਗੀ ਨਾਲ ਨਹੀਂ ਕੀਤੀ ਜਾ ਸਕਦੀ। ਜਿਹੜਾ ਬਹੁਤ ਗਰਮ ਬੋਲ ਜਾਏ, ਉਹਦਾ ਜੈਕਾਰਿਆਂ ਨਾਲ ਸਵਾਗਤ ਅਤੇ ਜਿਹੜਾ ਕੋਈ ਦਲੀਲ ਨਾਲ ਗਲ ਕਰੇ, ਉਹਦੀ ਤੋਇ ਤੋਇ ਕਰਕੇ ਜੈਕਾਰਿਆਂ ਨਾਲ ਹੀ ਚੁੱਪ ਕਰਵਾ ਦਿਤਾ ਜਾਂਦਾ ਹੈ। ਖਾਲਸਾ ਕਾਲਜ ਅੰਮ੍ਰਿਤਸਰ ਬੁਧੀਜੀਵੀ ਸਿਖਾਂ ਦੀ ਇਕ ਹੋਈ ਕਨਵੈਂਨਸ਼ਨ ਵਿਚ ਵੀ ਇਹੋ ਹਾਲ ਸੀ। ਇਸ ਵੇਲੇ

ਕੋਈ ਵੀ ਸਿਖ ਲੀਡਰ ਨਹੀਂ ਜੋ ਇਹ ਦਾਅਵਾ ਕਰਦਾ ਹੋਵੇ ਕਿ ਉਹ ਗਲਬਾਤ ਰਾਹੀਂ ਕੋਈ ਸਮਝੌਤਾ ਕਰਨ ਦੇ ਯੋਗ ਹੈ।

ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਤਲਵੰਡੀ ਅਤੇ ਲੌਂਗੋਵਾਲ ਦਰਮਿਆਨ ਖੁਲ੍ਹੇ ਤਨਾਅ ਨੇ ਰਹੀ ਸਹੀ ਕਸਰ ਪੂਰੀ ਕਰ ਦਿਤਾ ਹੈ, ਸੰਤ ਲੌਂਗੋਵਾਲ ਘੜੀ ਮੁੜੀ ਕਹਿੰਦੇ ਹਨ ਕਿ ਉਹ ਪੰਥ ਦੀ ਏਕਤਾ ਵਾਸਤੇ ਪਾਸੇ ਹੋਣ ਲਈ ਤਿਆਰ ਹਨ, ਉਹਨਾਂ ਨੂੰ ਬਾਕੀ ਲੀਡਰਸ਼ਿਪ ਸਮੇਤ ਪਾਸੇ ਹੋ ਹੀ ਜਾਣਾ ਚਾਹੀਦਾ ਹੈ। ਹੋਰ ਹੁਣ ਉਹ ਕਾਹਦੀ ਉਡੀਕ ਪਏ ਕਰਦੇ ਹਨ ? ਇਹ ਸਾਬਿਤ ਹੋ ਚੁਕਿਆ ਹੈ ਕਿ ਉਹ ਕਾਬਿਲ ਆਗੂ ਨਹੀਂ ਹਨ।

ਪੰਜਾਬ ਦੀ ਦੂਜੀ ਧਿਰ ਜਿਸ ਨੂੰ ਹਿੰਦੂ ਸੋਚਣੀ ਦੀ ਧਿਰ ਕਿਹਾ ਜਾ ਸਕਦਾ ਹੈ, ਉਹ ਦਾ ਤਾਂ ਪੰਜਾਬ ਬਾਰੇ ਕੋਈ ਆਪਣਾ ਸਟੈਂਡ ਹੀ ਨਹੀਂ। ਜੂਨ 1984 ਤੋਂ ਪਹਿਲੇ ਹੋ ਰਹੇ ਕਤਲਾਂ ਕਰਕੇ ਉਹ ਕੇਂਦਰੀ ਸਰਕਾਰ ਦੇ ਵਿਰੁਧ ਸੀ ਕਿ ਐਕਸ਼ਨ ਕਿਉਂ ਨਹੀਂ ਹੁੰਦਾ ? ਐਕਸ਼ਨ ਤੋਂ ਬਾਅਦ ਜਾਂ ਦਿੱਲੀ ਵਿਚ ਹੋਏ ਕਤਲਾਂ ਤੋਂ ਬਾਅਦ ਇਕ ਹਲਕੀ ਜਿਹੀ ਖੁਸ਼ੀ, ਤੇ ਹੁਣ ਚੰਡੀਗੜ੍ਹ ਵਿਖੇ ਕਿਸ਼ਨ ਚੰਦ ਮੰਨਚੰਦਾ ਦੇ ਕਤਲ ਬਾਅਦ ਫਿਰ ਮਾਯੂਸੀ। ਇਹ ਧਿਰ ਆਪਣੇ ਆਪ ਨੂੰ ਕੇਂਦਰ ਦੇ ਰਹਿਮੋ ਕਰਮ ਤੇ ਹੀ ਸਮਝਦੀ ਹੈ। ਇਸ ਧਿਰ ਦਾ ਨਾ ਕੋਈ ਸਿਰਕੱਢ ਆਗੂ ਹੈ ਤੇ ਨਾ ਹੀ ਪੰਜਾਬ ਦੇ ਮਸਲੇ ਬਾਰੇ ਇਹਨੂੰ ਕੋਈ ਫਿਕਰ ਦਿਲੋਂ ਜਾਂ ਬਾਹਰੋਂ ਲਗਦਾ ਹੈ। ਬਸ ਕਦੀ ਕਦੀ ਵਪਾਰ ਦੇ ਨਾਸ਼ ਹੋਣ ਦਾ ਗਿਲਾ ਕਰ ਦੇਂਦੇ ਹਨ।

ਰਾਜੀਵ ਗਾਂਧੀ 23 ਮਾਰਚ ਪੰਜਾਬ ਆਇਆ, ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹ ਕੁਝ ਖਿਚਾਅ ਵਾਲੀ ਹਾਲਤ ਨੂੰ ਖੁਸ਼ਗਵਾਰ ਕਰਨ ਵਿਚ ਕੁਝ ਹਿੱਸਾ ਪਾਏਗਾ। ਇਹ ਉਮੀਦ ਇਸ ਲਈ ਕੀਤੀ ਜਾਂਦੀ ਸੀ ਕਿ ਮਸਲੇ ਨੂੰ ਝੂਠਾ ਸੱਚਾ ਉਭਾਰ ਕੇ ਉਹਨੇ ਜੋ ਲਾਹ ਖੱਟਣਾ ਸੀ, ਉਹ ਖੱਟ ਚੁੱਕਿਆ ਹੈ ਅਤੇ ਹੁਣ ਉਹਦੇ ਵੀ ਤੇ ਉਹਦੀ ਪਾਰਟੀ ਦੇ ਹਿੱਤ ਇਹੀ ਹਨ ਕਿ ਇਹ ਖਿੱਚਾਅ ਘੱਟ ਹੋਵੇ, ਪਰ ਉਹ ਵੀ ਮੁਅਮਲ ਜਹੀ ਗੱਲ ਕਰਕੇ ਚਲਾ ਗਿਆ। ਥੀਨ ਡੈਮ ਜਲਦੀ ਬਣੇਗਾ (ਅੱਗੇ ਕਿਉਂ ਨਹੀਂ ਬਣਿਆ ਇਹਦਾ ਕੋਈ ਕਾਰਨ ਦੱਸਣ ਦੀ ਖੇਚਲ ਨਹੀਂ ਕੀਤੀ)। ਇਕ ਕੋਚ ਫੈਕਟਰੀ ਬਣੇਗੀ। ਕਣਕ ਦਾ ਬੋਨਸ ਮਿਲੇਗਾ (ਕਿੰਨਾਂ ਮਿਲੇਗਾ, ਇਹ ਵੀ ਨਹੀਂ ਦੱਸਿਆ)। ਕੋਈ ਪੁੱਛੇ ਕਿ ਇਹਨਾਂ ਗੱਲਾਂ ਦਾ ਪੰਜਾਬ ਦੇ ਹੁਣ ਦੇ ਗੰਭੀਰ ਮਸਲੇ ਦਾ ਕੋਈ ਤੁਅਲਕ ਹੈ ? ਜਵਾਬ ਹੈ, ਬਿਲਕੁਲ ਨਹੀਂ। ਕਿਉਂਕਿ ਜਿਨਾਂ ਮਸਲਿਆਂ ਨੇ ਪੰਜਾਬੀਆਂ ਦੇ ਮਨਾਂ ਨੂੰ ਮਲਿਆ ਹੋਇਆ ਹੈ, ਉਹ ਤਾਂ ਬਿਲਕੁਲ ਹੀ ਹੋਰ ਹਨ। (ਇਹ ਸਭ ਨੂੰ ਪਤਾ ਹੈ, ਹੁਣ ਗਿਣਾਉਣ ਦੀ ਲੋੜ ਨਹੀਂ) ਸੋ ਖਿਚਾਅ ਉਸੇ ਤਰ੍ਹਾਂ ਕਾਇਮ ਹੈ।

ਹੁਣ ਇਹ ਤੀਜੀ ਧਿਰ ਦਾ ਫਰਜ਼ ਹੈ ਕਿ ਉਹ ਖਿਚਾਅ ਦੂਰ ਕਰਨ ਲਈ ਇਕ ਰਾਏਆਮਾ ਬਣਾਏ। ਸਾਰੇ ਪੰਜਾਬੀਆਂ ਦਾ ਹੱਕ ਹੈ ਕਿ ਉਹ ਇਕ ਸੁਰੱਖਿਆ ਵਾਲੀ ਜ਼ਿੰਦਗੀ ਜੀਣ। ਹਰ ਮਸਲੇ ਵੱਲ ਨਿਰਪੱਖ ਹੋ ਕੇ ਜੁਰਅਤ ਨਾਲ ਗੱਲ ਕੀਤੀ ਜਾਏ। ਦੋਸ਼ੀਆਂ ਉਤੇ ਉਂਗਲ ਰੱਖੀ ਜਾਏ। ਦਲੀਲ ਦੀ ਗੱਲ ਕੀਤੀ ਜਾਏ। ਇਹ ਦਲੀਲ ਦੀ ਗੱਲ ਨਾ ਹੀ ਧਾਰਮਕ ਦੀਵਾਨਾਂ ਵਿਚ ਹੋ ਸਕਦੀ ਹੈ (ਜਿਥੇ ਗੱਲ ਥੋੜੀ ਅਤੇ ਜੈਕਾਰੇ ਬਹੁਤੇ ਹੁੰਦੇ ਹਨ) ਤੇ ਨਾ ਹੀ ਭਾੜੇ ਤੇ ਇਕੱਠੇ ਕੀਤੇ ਸਰਕਾਰੀ ਜ਼ਲਸਿਆਂ ਵਿਚ। ਸਗੋਂ ਇਹ ਰਾਏਆਮਾ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੀਆਂ ਰੈਲੀਆਂ ਵਿਚ ਅਤੇ ਸਾਹਿਤਕ ਅਤੇ ਸਭਿਚਾਰਕ ਪ੍ਰੋਗ੍ਰਾਮਾਂ ਵਿਚ ਹੀ ਹੋ ਸਕਦੀ ਹੈ। ਇਹ ਇਕੱਠ ਬਹੁਤ ਵੱਡੀ ਗਿਣਤੀ ਵਿਚ ਹੋਣੇ ਚਾਹੀਦੇ ਹਨ। ਪੰਜਾਬ ਅੱਗੇ ਹੀ ਬਹੁਤ ਝੁਲਸ ਚੁਕਿਆ ਹੈ। ਇਸ ਨੂੰ ਹੋਰ ਅੱਗ ਤੋਂ ਬਚਾਉਣ ਲਈ ਤੀਜੀ ਧਿਰ ਦੇ ਨਿਰਪੱਖ ਲੋਕਾਂ ਨੂੰ ਅਗੇ ਆਉਣਾ ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਨੂੰ ਜੁਰਅਤ ਨਾਲ ਨਿਭਾਉਣਾ ਚਾਹੀਦਾ ਹੈ/**ਗੁਰਸ਼ਰਨ ਸਿੰਘ**

---


## ਮਾਲਕੀ ਦੇ ਬਾਰੇ ਐਲਾਨ

ਰੂਲ 6, (1931)

1. ਪ੍ਰਕਾਸ਼ਨ ਦੀ ਥਾਂ : ਅਮ੍ਰਿਤਸਰ
2. ਕਿੰਨੀ ਦੇਰ ਬਾਦ ਛਪਦਾ ਹੈ : ਹਰ ਮਹੀਨੇ
3. ਪ੍ਰਕਾਸ਼ਕ ਅਤੇ ਮਾਲਕ ਦਾ ਨਾਂ : ਕੈਲਾਸ਼ ਕੌਰ
   ਕੌਮੀਅਤ : ਹਿੰਦੁਸਤਾਨੀ
   ਪਤਾ : ਗੁਰੂ ਖਾਲਸਾ ਨਿਵਾਸ,
   ਡਾਕਖਾਨਾ ਖਾਲਸਾ ਕਾਲਜ,
   ਅਮ੍ਰਿਤਸਰ

ਐਡੀਟਰ ਦਾ ਨਾਂ : ਗੁਰਸ਼ਰਨ ਸਿੰਘ
ਕੌਮੀਅਤ : ਹਿੰਦੋਸਤਾਨੀ
ਪਤਾ : ਗੁਰੂ ਖਾਲਸਾ ਨਿਵਾਸ
ਡਾਕਖਾਨਾ ਖਾਲਸਾ ਕਾਲਜ
ਅਮ੍ਰਿਤਸਰ

ਮੈਂ ਇਹ ਐਲਾਨ ਕਰਦੀ ਹਾਂ ਕਿ ਉਤਲੀ ਜਾਣਕਾਰੀ ਸਹੀ ਹੈ। —ਕੈਲਾਸ਼ ਕੌਰ

## ਸੰਪਾਦਕੀ ਟਿੱਪਣੀਆਂ

### 1. ਰੀਜ਼ਰਵੇਸ਼ਨ ਦੇ ਮੱਸਲੇ ਤੇ ਦੰਗੇ

ਭਾਰਤੀ ਸਮਾਜ ਸੱਦੀਆਂ ਤੋਂ ਜਾਤਾਂ ਬਰਾਦਰੀਆਂ ਵਿਚ ਵੰਡਿਆ ਹੋਇਆ ਹੈ, ਮਨੂੰ ਸਮ੍ਰਿਤੀ ਇਕ ਇਤ-ਹਾਸਕ ਦਸਤਾਵੇਜ਼ ਦਾਂ ਦਰਜਾ ਰਖਦੀ ਹੈ, ਜਿਸਦੇ ਬੱਲ ਤੇ ਆਰੀਯਾ ਲੋਕਾਂ ਨੇ ਸਮਾਜ ਦੀ ਵਡੀ ਗਿਣਤੀ ਦੇ ਲੋਕਾਂ ਨੂੰ ਜ਼ਿੰਦਗੀ ਦੀਆਂ ਸਾਰੀਆ ਸਹੂਲਤਾਂ ਤੋਂ ਵਾਂਝਿਆ ਰਖਿਆ ਤੇ ਉਹਨਾਂ ਨੂੰ ਇਕ ਗ਼ੁਲਾਮ ਜਾਂ ਦਾਸ ਦਾ ਦਰਜਾ ਦਿਤੀ ਰਖਿਆ। ਇਹ ਧਾਰਨਾ ਕਿ ਕੁਝ ਲੋਕ ਜਨਮ ਤੋਂ ਹੀ ਨੀਂਵੇ ਹਨ, ਅੰਜ ਦੀ ਅਧੁਨਿਕ ਸੋਚ ਨੂੰ ਇਕ ਚਣੌਤੀ ਹੈ। ਸੋ ਇਹ ਗੱਲ ਕਿ ਉਹ ਲੋਕ ਜੋ ਸੱਦੀਆਂ ਜ਼ਿੰਦਗੀ ਦੀਆ ਸਹੂਲਤਾਂ ਤੋਂ ਵਾਂਜੇ ਰਹੇ ਹਨ, ਉਹਨਾਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਦੂਜਿਆਂ ਦੇ ਬਰਾਬਰ ਲਿਆਉਂਦਾ ਜਾਏ, ਇਕ ਦਰੁੱਸਤ ਅਦੇਸ਼ ਹੈ, ਇਸੇ ਲਈ ਚੇਤਨ ਰਾਇਆਮਾ ਹਮੇਸ਼ਾ ਰੀਜ਼ਰਵੇਸ਼ਨ ਦੇ ਹੱਕ ਵਿਚ ਰਹੀ ਹੈ। ਪਰ ਸਮਾਂ ਲੰਘਣ ਨਾਲ ਇਹ ਦੇਖਿਆ ਗਿਆ ਹੈ ਕਿ ਹਕੂਮਤੀ ਪਾਰਟੀ ਨੇ ਇਸ ਰੀਜ਼ੇਰਵੇਸ਼ਨ ਨੂੰ 'ਇਕ ਵੋਟ ਬੈਂਕ' ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿਤਾ ਹੈ ਅਤੇ ਇਹਦੇ ਅਸਲੀ ਅਦੇਸ਼ ਨੂੰ ਬਿਲਕੁਲ ਭੁਲਾ ਦਿਤਾ ਗਿਆ ਹੈ। ਕੁਝ ਚੌਧਰੀ ਗੱਠ ਲੈਣੇ, ਉਹਨਾਂ ਰਾਹੀਂ ਅਪਣੀ ਭ੍ਰਿਸ਼ਟ ਨੀਤੀਆਂ ਨੂੰ ਚਲਦੇ ਰਖਣਾ, ਇਹ ਇਹਨਾਂ ਦਾ ਅਮਲ ਬਣ ਗਿਆ ਹੈ। ਇਹਨੇ ਨਾਲ ਸਮੁੱਚੀ ਬਰਾਦਰੀ ਦਾ ਕੋਈ ਕਲਿਆਣ ਨਹੀਂ ਹੋਇਆ, ਸਗੋਂ ਕੁਝ ਚੌਧਰੀ ਹੀ ਪੈਦਾ ਹੋਏ ਹਨ। ਜਿਉਂ ੨ ਇਹ ਭ੍ਰਿਸ਼ਟ ਨੀਤੀਆਂ ਵੱਧਦੀਆਂ ਗਈਆਂ ਹਨ, ਦੂਜੇ ਲੋਕਾਂ ਵਿਚ ਇਹਦੀ ਵਿਰੋਧਤਾ ਵੱਧਦੀ ਗਈ ਹੈ। ਰੀਜ਼ਰਵੇਸ਼ਨ ਦੂਜੇ ਲੋਕਾਂ ਦੀ ਅੱਖਾਂ 'ਚ ਰੜਕਣ ਲਗ ਪਈ ਹੈ। ਹੁਣ ਗੱਲ ਇਥੇ ਆਕੇ ਖਲੋ ਗਈ ਹੈ ਕਿ ਭਾਰਤ ਦੀ ਆਰਥਕਤਾ ਇਕ ਸੰਕਟ ਗ੍ਰਸਤ ਹੋ ਚੁੱਕੀ ਹੈ। ਅਗੇ ਵਧਣ ਦੇ ਸਾਧਨ ਬਿਲਕੁਲ ਸੁੱਕੜ ਚੁੱਕੇ ਹਨ। ਕੰਗਾਲੀ, ਬੇਰੁਜ਼ਗਾਰੀ ਦਿਨੋ ਦਿਨ ਵੱਧ ਰਹੀ ਹੈ, ਲੋਕਾਂ ਵਿਚ ਰੋਹ ਵੱਧ ਰਿਹਾ ਹੈ, ਪਰ ਠੀਕ ਅਗਵਾਈ ਨਾ ਹੋਣ ਕਰਕੇ ਅਸਲੀ ਕਾਰਨਾਂ ਤੇ ਉਂਗਲ ਰੱਖਣ ਦੀ ਥਾਂ ਲੋਕ ਆਪਸ ਵਿਚ ਉੱਲਝ ਕੇ ਰਹਿ ਜਾਂਦੇ ਹਨ। ਇਹੋ ਹਕੂਮਤੀ ਪਾਰਟੀ ਚਾਹੁੰਦੀ ਹੈ ਤੇ ਇਹੋ ਲੋਕਾਂ ਦੀ ਆਪਸੀ ਲੜਾਈ ਉਹਨਾਂ ਦੇ ਹਿੱਤ ਵਿਚ ਜਾਂਦੀ ਹੈ, ਜਮਹੂਰੀ ਰਾਏਆਮਾ ਦਾ ਫਰਜ਼ ਹੈ ਕਿ ਉਹ ਲੋਕਾਂ ਨੂੰ ਇਸ ਬਾਰੇ ਖਬਰਦਾਰ ਕਰੇ। ਰੀਜ਼ਰਵੇਸ਼ਨ ਦੇ ਅਦੇਸ਼ ਸਹੀ ਅਦੇਸ਼ ਹਨ ਪਰ ਇਹਦੀ ਭ੍ਰਿਸ਼ਟ ਵਰਤੋਂ ਇਸਦੇ ਮੰਤਵਾਂ ਨੂੰ ਅਸੱਫਲ ਕਰ ਰਹੀ ਹੈ। ਲੋਕਾਂ ਵ੍ਹਿਚ ਫੁੱਟ ਪਾਉਣ ਦੀ ਹਕੂਮਤੀ ਪਾਰਟੀ ਦੀ ਆਮ ਨੀਤੀ ਨੂੰ ਨੰਗਾ ਕਰਕੇ ਦੱਬੇ ਕੁਚਲੇ ਲੋਕਾਂ ਦੇ ਹੱਕ ਵਿਚ ਖਲੋਣਾ ਜ਼ਰੂਰੀ ਹੈ। o

### 2. 8 ਮਾਰਚ-ਔਰਤਾਂ ਦੇ ਹੱਕਾਂ ਦਾ ਦਿਨ

8 ਮਾਰਚ 1857 'ਚ ਅਮਰੀਕੀ ਮਜ਼ਦੂਰ ਔਰਤਾਂ ਆਪਣੇ ਹੱਕਾਂ ਲਈ ਸੰਘਰਸ਼ ਦੇ ਮੈਦਾਨ 'ਚ ਨਿਤਰੀਆਂ ਸਨ ਅਤੇ ਇਹ ਦਿਨ ਦੁਨੀਆਂ ਦੇ ਇਤਿਹਾਸ ਵਿਚ ਮੀਲ ਪੱਥਰ ਹੋ ਨਿਬੜਿਆ ਹੈ। ਇਹ ਦਿਨ ਇਸਤਰੀਆਂ ਦੇ ਹੱਕਾਂ ਲਈ ਸੰਘਰਸ਼ਾਂ ਦਾ ਲੇਖਾ ਜੋਖਾ ਕਰਨ ਵਾਲਾ ਵੀ ਹੈ। ਇੰਡੀਅਨ ਐਕਸਪ੍ਰੈਸ ਵਿਚ ਕੁਝ ਔਰਤਾਂ ਦੇ ਬਿਆਨਾਂ ਤੇ ਅਧਾਰਤ ਦਿਤਾ ਇਕ ਲੇਖ ਸਾਡਾ ਧਿਆਨ ਖਿਚਦਾ ਹੈ। ਉਹ ਦਾ ਪਹਿਲਾ ਫਿਕਰਾ ਹੀ ਹੈ ਕਿ ਕੁਝ ਹਕੂਮਤਾਂ ਅਦੇਸ਼ ਦੇਂਦੀਆਂ ਹਨ ਕਿ ਬੱਚੇ ਵੱਧ ਪੈਦਾ ਕਰੋ ਹਕੂਮਤਾਂ ਅਦੇਸ਼ ਦੇਂਦੀਆਂ ਹਨ ਕਿ ਬੱਚੇ ਨਾ ਪੈਦਾ ਕਰੋ, ਕੁਝ ਹਕੂਮਤਾਂ ਅਦੇਸ਼ ਦੇਂਦੀਆਂ ਹਨ ਕਿ ਸਿਰਫ ਪੜ੍ਹੀਆਂ ਲਿਖੀਆਂ ਔਰਤਾਂ ਹੀ ਬੱਚੇ ਪੈਦਾ ਕਰਨ, ਜਿਸ ਤਰ੍ਹਾਂ ਔਰਤਾਂ ਸਿਰਫ ਬੱਚੇ ਪੈਦਾ ਕਰਨ ਵਾਲੀਆਂ ਹੀ ਮਸ਼ੀਨਾਂ ਹਨ ਤੇ ਉਹਨਾਂ ਦੀ ਆਪਣੀ ਕੋਈ ਆਜ਼ਾਦ ਸ਼ਖਸੀਅਤ ਨਹੀਂ। ਹਕੂਮਤਾਂ ਆਪਣੀਆਂ ਨਾਲਾਇਕੀਆਂ ਜਾਂ ਆਪਣੇ ਸੰਕਟਾਂ ਨੂੰ ਹੱਲ ਕਰਨ ਦੀ ਸਾਰੀ ਜ਼ਿਮੇਵਾਰੀ ਔਰਤਾਂ ਉਤੇ ਸੁੱਟਦੀਆਂ ਹਨ। ਅਸੀਂ ਇਸ ਪੁਜ਼ੀਸ਼ਨ ਨੂੰ ਚੈਲਿੰਜ ਕਰਦੀਆਂ ਹਾਂ। ਦੂਜੀ ਗਲ ਈਰਾਨੀ ਔਰਤਾਂ ਬਾਰੇ ਸੀ। ਉਸ ਵਿਚ ਇਹ ਜ਼ਿਕਰ ਸੀ ਕਿ ਔਰਤਾਂ ਨੇ ਜੋ ਹੱਕ ਆਪਣੇ ਲਈ 70 ਸਾਲ ਦੇ ਸੰਘਰਸ਼ ਬਾਅਦ ਜਿਤੇ, ਖੁਮਾਇਨੀ ਨੇ ਇਕ ਸਾਲ ਵਿਚ ਉਹ ਖ਼ਤਮ ਕਰ ਦਿਤੇ। ਇਕ ਇਰਾਨੀ ਔਰਤ ਦਾ ਦੁਨੀਆਂ ਭਰ ਦੀਆਂ ਔਰਤਾਂ ਨੂੰ ਸੁਨਿਹਾ ਸੀ ਕਿ ਧਾਰਮਿਕ ਕੱਟੜਵਾਦ ਔਰਤਾਂ ਦਾ ਸਾਰਿਆਂ ਨਾਲੋਂ ਵਡਾ ਦੁਸ਼ਮਣ ਹੈ। ਪੰਜਾਬ ਦੇ ਸਮਾਜ ਵਿਚ ਆਮ ਤੌਰ ਤੇ ਅਤੇ ਪੇਂਡੂ ਖੇਤਰ ਵਿਚ ਖਾਸ ਕਰਕੇ ਔਰਤਾਂ ਦੇ ਹੱਕਾਂ ਬਾਰੇ ਚੇਤਨਤਾ ਬਹੁਤ ਹੀ ਘੱਟ ਹੈ। ਔਰਤਾਂ ਦੀ ਹਾਜ਼ਰੀ ਵਿਚ ਵੀ ਅਤੇ ਗ਼ੈਰ ਹਾਜ਼ਰੀ ਵਿਚ ਤਾਂ ਪੁਛੋ ਹੀ ਨਾਂ, ਜਿਹੜੀ ਮਾਂ ਭੈਣ ਦੀ ਗਾਹਲ ਵਰਤੀ ਜਾਂਦੀ ਹੈ ਉਹ ਦੱਸਦੀ ਹੈ ਕਿ ਸਾਡਾ ਸਮਾਜ ਔਰਤਾਂ ਦੇ ਹੱਕਾਂ ਦੇ ਸੰਦਰਭ ਵਿਚ ਹਰ ਹਾਲਤ ਵਿਚ ਬਹੁਤ ਹੀ ਪਿਛੇ ਹੈ, ਇਹ ਚੰਗੀ ਗਲ ਹੈ ਕਿ ਸਾਡੀਆਂ ਕੁਝ ਭੈਣਾ ਚੇਤੰਨ ਹੋਕੇ ਅਗੇ ਆ ਰਹੀਆਂ ਹਨ। ਮਾਨੁਸ਼ੀ ਮੈਗਜ਼ੀਨ ਇਸ ਵਿਚ ਆਪਣੀ ਭੂਮਿਕਾ ਨਿਭਾ ਰਿਹਾ ਹੈ। ਔਰਤਾਂ ਅਤੇ ਜ਼ੰਜੀਰਾਂ ਇਕ ਹੋਰ ਦਸਤਾਵੇਜ਼ ਹੈ, ਜੋ ਫਰੀਦਕੋਟ ਤੋਂ ਡਾਕਟਰ ਜੀਵਨ ਜਿਓਤੀ ਕੱਢਦੀ ਹੈ। ਸਾਡੀਆਂ ਕੁਝ ਭੈਣਾਂ ਨੇ ਇਕ ਹੋਰ ਪਹਿਲ ਕੱਦਮੀ ਕੀਤੀ ਹੈ ਜਦੋਂ ਉਹਨਾਂ ਨੇ ਪੇਂਡੂ ਖੇਤਰ ਵਿਚ ਪਿੰਡ ਖਿਆਲੀਵਾਲਾ ਵਿਚ ਔਰਤਾਂ ਦੇ ਹੱਕਾਂ ਦਾ ਦਿਨ 7-8 ਮਾਰਚ ਮਨਾਇਆ। ਘੁੰਡਾਂ ਪਿਛੇ ਹਾਲੀ ਵੀ ਆਪਣਾ ਚਿਹਰਾ

ਛਪਾਉਣ ਵਾਲੀਆਂ ਔਰਤਾਂ ਨੇ ਔਰਤ ਦੀ ਆਜ਼ਾਦੀ ਬਾਰੇ ਨਵੀਆਂ ਨਵੀਆਂ ਗਲਾਂ ਸੁਣੀਆਂ। ਇਹ ਟਿਪਣੀ ਇਸ ਕਰਕੇ ਲਿਖੀ ਜਾ ਰਹੀ ਹੈ ਕਿ ਸਾਡੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਵਡੀ ਗਿਣਤੀ ਵਿਚ ਇਸ ਫਰੰਟ ਉਤੇ ਸਰਗਰਮ ਹੋਕੇ ਕੰਮ ਕਰਨ ਦੀ ਲੋੜ ਹੈ। ੦

### 3. ਮੋਗੇ ਦਾ ਰੀਗਲ ਸਿਨਮਾਂ

1972 ਦੇ ਮੋਗਾ ਗੋਲੀ ਕਾਂਡ ਤੋਂ ਬਾਅਦ, ਰੀਗਲ ਸਿਨਮਾ ਬੰਦ ਰਿਹਾ ਹੈ। ਵਿਦਿਆਰਥੀਆਂ ਦੇ ਦਬਾਅ ਥੱਲੇ ਇਸ ਨੂੰ ਸ਼ਹੀਦਾਂ ਦੀ ਯਾਦਗਾਰ ਬਨਾਉਣ ਦਾ ਵਹਿਦਾ ਵੀ ਸਮੇਂ ਸਮੇਂ ਸਰਕਾਰਾਂ ਕਰਦੀਆਂ ਰਹੀਆਂ। ਦੂਜੇ ਪਾਸੇ ਸਿਨਮਾਂ ਦੇ ਮਾਲਕ ਇਸ ਸਿਨਮਾ ਨੂੰ ਚਾਲੂ ਕਰਨ ਦੇ ਵੀ ਯਤਨ ਕਰਦੇ ਰਹੇ। ਹੁਣ ਫੌਜੀ ਰਾਜ ਦਾ ਫਾਇਦਾ ਉਠਾ ਕੇ ਸਿਨਮਾਂ ਦੇ ਮਾਲਕ ਸੁਪ੍ਰੀਮ ਕੋਰਟ ਤੋਂ ਹਕੂਮਤ ਦੇ ਨਾਂ ਇਕ ਅਦੇਸ਼ ਲੈ ਆਏ ਹਨ ਕਿ ਇਹ ਸਿਨਮਾਂ ਚਾਲੂ ਕੀਤਾ ਜਾਏ।ਕੀ ਇਹ ਚਾਲੂ ਕਰ ਸਕਨਗੇ ? ਇਹ ਇਕ ਵੱਡਾ ਸਵਾਲ ਹੈ। ਵਿਦਿਆਰਥੀ ਜਥੇਬੰਦੀਆਂ ਇੱਕਠਿਆਂ ਹੋਕੇ ਇਸ ਚਲੈਂਜ ਦਾ ਮੁਕਾਬਲਾ ਕਰਨ ਦੀ ਤਿਆਰੀ ਕਰ ਰਹੀਆਂ ਹਨ। ਮੋਗਾ ਦੇ ਸਾਰੇ ਲੋਕਾਂ ਦਾ ਫਰਜ਼ ਹੈ ਕਿ ਇਸ ਸਿਨਮਾਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ ਤਾਂ ਜੋ ਇਹ ਸਾਬਤ ਹੋ ਸਕੇ ਕਿ ਲੋਕਾਂ ਦੀਆਂ ਕਚੈਹਰੀਆਂ ਹਕੂਮਤ ਦੀਆਂ ਕਚੈਹਰੀਆਂ ਤੋਂ ਉਤੇ ਹਨ। ੦

## ਇਕ ਯੋਧੇ ਦਾ ਵਿਛੋੜਾ [ਸਾਥੀ ਦੇਵਾ ਸਿੰਘ ਮਾਹਲਾ ਦੀ ਯਾਦ ਵਿਚ]

ਮਾਰਚ ਮਹੀਨੇ ਦੇ ਮੁੱਢ ਵਿਚ ਲੋਕ ਹਿਤਾਂ ਦਾ ਇਕ ਦ੍ਰਿੜ ਤੇ ਨਿਡਰ ਸੰਗਰਾਮੀਆ ਕਾਮਰੇਡ ਦੇਵਾ ਸਿੰਘ ਮਾਹਲਾ ਕਲਾਂ ਜ਼ਿਲਾ ਫਰੀਦਕੋਟ ਸਦਾ ਲਈ ਸਾਥੋਂ ਵਿਛੜ ਗਿਆ। ਕਾਮਰੇਡ ਦੇਵਾ ਸਿੰਘ ਨੇ ਆਪਣਾ ਸਾਰਾ ਜੀਵਨ ਖਾੜਕੂ ਸੰਘਰਸ਼ ਦੇ ਲੇਖੇ ਲਾਇਆ। ਉਹਨਾਂ ਨੇ ਆਪਣੇ ਰਾਜਸੀ ਜੀਵਨ ਦਾ ਮੁੱਢ ਕਿਰਤੀ ਲਹਿਰ ਤੋਂ ਬੰਨ੍ਹਿਆ। ਪਿਛੋਂ ਕਮਿਊਨਿਸਟ ਪਾਰਟੀ ਤੇ ਲਾਲ ਕਮਿਊਨਿਸਟ ਪਾਰਟੀ ਵਿਚ ਸਰਗਰਮ ਰਹੇ। ਇਸ ਸਮੇਂ ਦੌਰਾਨ ਕਮਿਊਨਿਸਟ ਲਹਿਰ ਅੰਦਰਲੇ ਸਜੇ ਕੁਰਾਹੇ ਵਿਰੁਧ ਦ੍ਰਿੜ ਘੋਲ ਕੀਤਾ।

ਲਾਲ ਕਮਿਊਨਿਸਟ ਪਾਰਟੀ ਵਲੋਂ ਜ਼ਿਲਾ ਫਿਰੋਜ਼ਪੁਰ ਵਿਚ ਲੜੇ ਗਏ ਮੁਜ਼ਾਰਾ ਕਿਸਾਨਾਂ ਦੇ ਘੋਲ ਵਿਚ ਸਰਗਰਮ ਹਿੱਸਾ ਲਿਆ ਅਤੇ ਉਹਨਾਂ ਨੂੰ ਜਥੇਬੰਦ ਕਰਨ ਲਈ ਸਿਰਤੋੜ ਯਤਨ ਕੀਤੇ। 1953 ਵਿਚ ਜਿਸ ਸਮੇਂ ਲਾਲ ਕਮਿਊਨਿਸਟ ਪਾਰਟੀ ਨੂੰ ਤੋੜਕੇ ਭਾਰਤੀ ਕਮਿਊਨਿਸਟ ਪਾਰਟੀ ਵਿਚ ਮਦਗ਼ਮ ਕਰਨ ਲਈ ਦਲੇਲ ਸਿੰਘ ਵਾਲਾ (ਜ਼ਿਲਾ ਬਠਿੰਡਾ) ਵਿਖੇ ਕਾਨਫਰੰਸ ਹੋਈ ਤਾਂ ਸਾਥੀ ਦੇਵਾ ਸਿੰਘ ਮਾਹਲਾ ਉਹਨਾਂ ਸਾਥੀਆਂ ਵਿਚੋਂ ਇਕ ਸੀ ਜਿਹੜੇ ਲਾਲ ਕਮਿਊਨਿਸਟ ਪਾਰਟੀ ਨੂੰ ਤੋੜਨ ਦੇ ਵਿਰੋਧੀ ਸਨ ਅਤੇ ਭਾਰਤੀ ਕਮਿਊਨਿਸਟ ਪਾਰਟੀ ਨੂੰ ਹਾਲੇ ਵੀ ਸੋਧਵਾਦੀ ਸਮਝਦੇ ਸਨ। ਇਹੋ ਕਾਰਨ ਸੀ ਪਿਛੋਂ ਸਾਥੀ ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਨਾ ਹੋਏ। ਪਰੰਤੂ ਸਰਕਾਰ ਸਾਥੀ ਨੂੰ ਸਾਰੀ ਉਮਰ ਕਮਿਊਨਿਸਟ ਹੀ ਸਮਝਦੀ ਰਹੀ ਅਤੇ ਪਾਰਟੀ ਵਲੋਂ ਚਲਾਏ ਗਏ ਮੋਰਚਿਆਂ ਸਮੇਂ ਗ੍ਰਿਫਤਾਰ ਕਰਦੀ ਰਹੀ।

ਨਕਸਲਬਾੜੀ ਲਹਿਰ ਦੇ ਉਠਾਲ ਸਮੇਂ ਸਾਥੀ ਇਸ ਲਹਿਰ ਵਿਚ ਸ਼ਾਮਲ ਹੋਇਆ। ਕਿਰਤੀ ਕਿਸਾਨ ਸਭਾ ਵਿਚ ਕੰਮ ਕਰਦਾ ਰਿਹਾ। ਇਸ ਦੀਆਂ ਸਿਧਾਂਤਕ ਸਥਾਪਨਾਵਾਂ ਨੂੰ ਦਰੁਸਤ ਮੰਨਕੇ ਉਸਦਾ ਪਰਚਾਰ ਕਰਦਾ ਰਿਹਾ। ਪਰੰਤੂ ਲਹਿਰ ਅੰਦਰ ਉਠੇ ਵਾਦ ਵਿਵਾਦ ਸਮੇਂ ਜਥੇਬੰਦਕ ਤੌਰ ਤੇ ਕਿਸੇ ਗਰੁਪ ਨਾਲ ਨਾਂ ਜੁੜਿਆ।

ਸਾਥੀ ਦੇਵਾ ਸਿੰਘ ਕੱਟੜ ਮਾਰਕਸਵਾਦੀ ਸੀ ਅਤੇ ਇਸਦੇ ਸੋਧਵਾਦੀ ਕੁਰਾਹੇ ਦਾ ਕੱਟੜ ਦੁਸ਼ਮਣ ਸੀ। ਸੋਧਵਾਦ ਵਿਰੁਧ ਇਹ ਸੰਘਰਸ਼ ਲਗਾਤਾਰ ਜ਼ਬਾਨ, ਅਮਲ ਤੇ ਕਲਮ ਨਾਲ ਕੀਤਾ। ਸਾਥੀ ਆਪਣੇ ਵਿਚਾਰਾਂ ਨੂੰ ਕਲਮ ਰਾਹੀਂ ਪੇਸ਼ ਕਰਨ ਦਾ ਧੰਨੀ ਸੀ। ਉਹਨੇ ਢੇਰ ਸਾਰੇ ਲੇਖ ਤੇ ਕਿਤਾਬਚੇ ਲਿਖੇ। ਕਈ ਲਿਖਤਾਂ ਨੂੰ ਸੰਪਾਦਕ ਕਰਕੇ ਮੁੜ ਪ੍ਰਕਾਸ਼ਤ ਕੀਤਾ। ਜ਼ਿਲਾ ਫਿਰੋਜ਼ਪੁਰ 'ਚ ਕਿਸਾਨ ਲਹਿਰ ਤੇ ਲਾਲ ਕਮਿਊਨਿਸਟ ਪਾਰਟੀਦੀ ਸਿਧਾਂਤਕ ਦਸਤਾਵੇਜ਼ 'ਸਾਡੇ ਮੱਤਭੇਦ'ਦੇ ਸਿਧਾਂਤਕ ਹਿਸੇ ਨੂੰ ਮੁੜ ਛਪਵਾਇਆ। ਇਕ ਹਫਤਾਵਰ ਅਖਬਾਰ ਨਵੇਂ ਰਾਹ ਦਾ ਸੰਪਾਦਨ ਕੀਤਾ ਜਿਸ ਵਿਚ ਰਾਜਨੀਤੀ ਤੇ ਜਬਰ ਬਾਰੇ ਢੇਰ ਸਾਰੇ ਲੇਖ ਲਿਖੇ।ਸਿਧਾਂਤਕ ਮਤਭੇਦਾਂ ਨੂੰ ਹਲ ਕਰਨ ਲਈ ਕੋਈ ਸਮਝੌਤਾ ਜਾਂ ਛਡ ਛੁਡਾ ਕਰਨਾ,ਸਾਥੀ ਦੇ ਸੁਭਾਅ ਦੇ ਉਲਟ ਸੀ। ਇਹੋ ਕਾਰਨ ਸੀ ਕਿ ਉਹਨੇ ਕਮਿਊਨਿਸਟ ਮਿਆਰਾਂ ਤੋਂ ਥਿੜਕਣ ਵਾਲੇ ਕਿਸੇ ਨੂੰ ਵੀ ਨਹੀਂ ਬਖਸ਼ਿਆ।

ਸਾਥੀ ਦੇਵਾ ਸਿੰਘ ਪੰਜਾਬ ਦੀ ਕਮਿਊਨਿਸਟ ਲਹਿਰ ਦਾ ਜੀਵਤ ਇਤਿਹਾਸ ਤੇ ਇਕ ਕਿਸਾਨ ਦਾਰਸ਼ਨਿਕ ਸੀ। ਉਹਨੇ ਆਪਣੇ ਵਿਚਾਰਾਂ ਦਾ ਸਾਰੀ ਉਮਰ ਨਿਡਰਤਾ ਨਾਲ ਪਰਚਾਰ ਕੀਤਾ ਤੇ ਉਹਨਾਂ ਤੇ ਪਹਿਰਾ ਦਿੱਤਾ। ਆਪਣੇ ਵਿਚਾਰਾਂ ਦੀ ਦ੍ਰਿੜਤਾ, ਸਾਦੇ ਤੇ ਨਿਸ਼ਕਾਮ ਜੀਵਨ, ਆਪਣੀ ਵਿਦਵਤਾ ਤੇ ਲਗਨ ਲਈ ਸਾਥੀ ਦਾ ਜੀਵਨ ਲੋਕਾਂ ਲਈ ਸੰਘਰਸ਼ ਕਰਨ ਵਾਲੀ ਪੀਹੜੀ ਲਈ ਸਦਾ ਇਕ ਆਦਰਸ਼ ਰਹੇਗਾ। ਸਾਥੀ ਦਾ ਵਿਗੋਚਾ ਖੱਬੀ ਲਹਿਰ ਦਾ ਵਿਗੋਚਾ ਹੈ। ਉਦ੍ਹੇ ਵਲੋਂ ਛਡੇ ਅਧੂਰੇ ਕੰਮ ਨੂੰ ਉਹਦੇ ਵਾਂਗ ਦ੍ਰਿੜ ਹੋਕੇ ਪੂਰਾ ਕਰਨ ਲਈ ਲੜਨਾ ਹੀ ਸਾਥੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ

ਸਾਥੀ ਦੇਵਾ ਸਿੰਘ ਦੀਆਂ ਸਿਫਤਾਂ ਖੱਬੀ ਲਹਿਰ ਦਾ ਵਿਰਸਾ ਨੇ ਤੇ ਘਾਟਾਂ ਦੀ ਜ਼ੁੰਮੇਵਾਰੀ ਵੀ ਲਹਿਰ ਦੀਆਂ ਕਮਜ਼ੋਰੀਆਂ ਸਿਰ ਹੈ। ਆਪਣੀਆਂ ਸਿਫਤਾਂ ਕਾਰਨ ਸਾਥੀ ਸਦਾ ਲੋਕ ਮਨਾਂ 'ਚ ਅਮਰ ਰਹੇਗਾ। —ਸੁਰਜੀਤ ਗਿੱਲ (ਘੋਲੀਆਂ ਕਲਾਂ)

4) **23 ਮਾਰਚ ਦਾ ਦਿਨ**—ਇਸ ਇਤਿਹਾਸਕ ਦਿਨ ਤੇ ਅਸੀਂ ਅਪਣੇ ਤਿੰਨ ਮਹਾਨ ਸ਼ਹੀਦਾਂ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਦੀ ਯਾਦ ਮਨਾਉਂਦੇ ਹਾਂ। ਜਿਥੇ ਕਾਂਗਰਸ ਅਕਾਲੀ ਤੇ ਭਾਜਪਾ ਵਾਲੇ ਇਹਨਾਂ ਸ਼ਹੀਦਾਂ ਨੂੰ ਸਿਰਫ ਆਜ਼ਾਦੀ ਦੇ ਪਰਵਾਨੇ ਕਰਕੇ ਹੀ ਪੇਸ਼ ਕਰਦੇ ਹਨ, ਉਥੇ ਇਹ ਫਰਜ਼ ਇਨਕਲਾਬੀਆਂ ਦਾ ਬਣਦਾ ਹੈ ਕਿ ਭਗਤ ਸਿੰਘ ਤੇ ਸਾਥੀਆਂ ਦੀ ਭੂਮਿਕਾ ਨੂੰ ਇਨਕਲਾਬ ਦੇ ਸੰਦਰਭ ਵਿਚ ਪੇਸ਼ ਕਰਨ। ਭਗਤ ਸਿੰਘ ਹੋਰਾਂ ਕਿਉਂ ਫਾਂਸੀ ਦਾ ਰੱਸਾ ਚੁੰਮਿਆ? ਉਹਨਾਂ ਕੋਲ ਇਕ ਇਨਕਲਾਬ ਦਾ ਫਲਸਫਾ ਸੀ। ਉਹ ਵਾਰ ਵਾਰ ਕਹਿੰਦੇ ਸਨ ਕਿ ਸਾਡਾ ਸੰਘਰਸ਼ ਉਸ ਵੇਲੇ ਤਕ ਜਾਰੀ ਰਹੇਗਾ, ਜਿੰਨਾਂ ਚਿਰ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ। ਫਲਸਫੇ ਦੇ ਤੌਰ ਤੇ ਭਗਤ ਸਿੰਘ ਇਕ ਨਾਸਤਕ ਸੀ। ਉਹ ਸਮਝਦਾ ਸੀ ਕਿ ਰੱਬ ਵਿਚ ਵਿਸ਼ਵਾਸ਼ ਇਕ ਗ਼ੈਰ ਵਿਗਿਆਨਕ ਸੋਚ ਹੈ ਅਤੇ ਇਹ ਮਨੁੱਖ ਦੇ ਅਪਣੀ ਜ਼ਿੰਦਗੀ ਨੂੰ ਵਧੀਆ ਬਨਾਉਣ ਦੇ ਸੰਘਰਸ਼ ਵਿਚ ਰੁਕਾਵਟ ਪਾਉਂਦੀ ਹੈ। ਰੱਬ ਵਿਚ ਵਿਸ਼ਵਾਸ਼ ਭਾਵੀ ਦੇ ਫਲਸਫੇ ਨੂੰ ਜਨਮ ਦੇਂਦਾ ਹੈ ਜੋ ਕਹਿੰਦਾ ਹੈ ਕਿ ਬੰਦਿਆ ਤੇਰੇ ਹੱਥ ਵਿਚ ਕੁਝ ਨਹੀਂ, ਸਭ ਕੁਝ ਉੱਪਰ ਵਾਲੇ ਦੇ ਹੱਥ ਵਿਚ ਹੈ। ਇਸ ਲਈ ਤੂੰ ਉਹਦਾ ਸ਼ੁਕਰ ਕਰ ਤੇ ਅਪਣੀ ਤਕਦੀਰ ਨੂੰ ਭਾਣਾ ਮੰਨਕੇ ਸਵੀਕਾਰ ਕਰ ਲੈ। ਭਗਤ ਸਿੰਘ ਨੇ ਇਸ ਫਲਸਫੇ ਨੂੰ ਬੜੀ ਸਖ਼ਤ ਚਣੌਤੀ ਦਿਤੀ। ਨਾਸਤਕਤਾ ਦੇ ਫਲਸਫੇ ਨੂੰ ਬੜੀ ਦਲੀਲ ਨਾਲ ਇਕ ਸਤਿਕਾਰਯੋਗ ਥਾ ਦਿਤੀ। ਉਹਦੇ ਪ੍ਰਸਿੱਧ ਸ਼ਬਦ ਸਨ 'ਨਾਸਤਿਕਤਾ ਮੁੱਢ ਹੈ ਇਕ ਆਜ਼ਾਦ ਇਨਸਾਨ ਦਾ'। ਭਗਤ ਸਿੰਘ ਦੇ ਪਿੰਡ 'ਚ ਉਹਦੀ ਯਾਦ 'ਚ ਅਖੰਡ ਪਾਠ ਰਖਿਆ ਜਾਣਾ, ਉਹਦੇ ਫਲਸਫੇ ਦੇ ਉਲਟ ਹੈ। ਅਕਾਲੀ ਪਾਰਟੀ ਵੱਲੋਂ ਵੀ ਭਗਤ ਸਿੰਘ ਦੀ ਯਾਦ ਵਿਚ ਜਲਸਾ ਕਰਨਾ ਉਹਦੇ ਫਲਸਫੇ ਦੇ ਉਲਟ ਹੈ। ਉਂਝ ਤਾਂ ਅਕਾਲੀਆਂ ਦਾ ਜਦੋਂ ਦਾਅ ਲਗੇ ਉਹ ਕਮਿਊਨਿਸਟਾਂ ਦੀ ਨਾਸਤਕ ਆਖਕੇ ਭੰਡੀ ਕਰਦੇ ਹਨ, ਪਰ ਫਿਰ ਵੀ ਆਪਣੇ ਰਾਜਸੀ ਹਿਤਾਂ ਕਰਕੇ ਇਕ ਨਾਸਤਕ ਦੀ ਯਾਦ ਵੀ ਮਨਾਉਂਦੇ ਹਨ। ਉਹਨਾਂ ਨੂੰ ਇਹ ਬੇਈਮਾਨੀ ਨਹੀਂ ਕਰਨੀ ਚਾਹੀਦੀ। ਇਸੇ ਤਰ੍ਹਾਂ ਭਗਤ ਸਿੰਘ ਆਪਣੇ ਰਾਜਸੀ ਤੌਰ ਤਰੀਕੇ ਵਿਚ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿਧਾਂਤ ਦੇ ਬਿਲਕੁਲ ਉਲਟ ਸੀ, ਇਸ ਲਈ ਉਹਨੇ ਆਪਣੀਆਂ ਲਿਖਤਾਂ ਵਿਚ ਇਸ ਸਿਧਾਂਤ ਦੇ ਪਾਖੰਡ ਨੂੰ ਘੜੀ ਮੁੜੀ ਚਣੌਤੀ ਦਿੱਤੀ। ਇਸ ਸਚਾਈ ਦੀ ਰੌਸ਼ਨੀ ਵਿਚ ਮਹਾਤਮਾ ਗਾਂਧੀ ਦੇ ਚੇਲੇ ਚਾਪੜਿਆਂ ਦਾ ਇਹ ਹੱਕ ਨਹੀਂ ਬਣਦਾ ਕਿ ਉਹ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ, ਜਿਨ੍ਹਾਂ ਨੂੰ ਫਾਹੇ ਲਗਵਾਉਣ ਵਿਚ ਇਹਨਾਂ ਦੇ ਬਾਪੂ ਨੇ ਬੜੀ ਵੱਡੀ ਭੂਮਿਕਾ ਨਿਭਾਈ ਸੀ।

ਖੱਬੀ ਧਿਰ ਵਾਲੇ ਲੋਕਾਂ ਦਾ ਫਰਜ਼ ਹੈ ਕਿ ਭਗਤ ਸਿੰਘ ਦੀ ਯਾਦ ਮਨਾਉਣ ਵੇਲੇ ਉਹਨਾਂ ਬਹੁਤ ਸਾਰੀਆਂ ਧਾਰਨਾਵਾਂ ਦਾ ਖੰਡਣ ਕਰਨ, ਜੋ ਭਗਤ ਸਿੰਘ ਨੂੰ ਕੇਵਲ ਇਕ ਯੋਧਾ ਨਾਇਕ ਕਰਕੇ ਪੇਸ਼ ਕਰਦੀਆਂ ਹਨ। ਭਗਤ ਸਿੰਘ ਦੀ ਇਕ ਘੋੜੀ ਬੜੀ ਪ੍ਰਸਿਧ ਹੈ ਕਿ ਉਹ ਦੀ ਹੋਣ ਵਾਲੀ ਨਾਰ ਉਹ ਨੂੰ ਜੇਲ੍ਹ ਵਿਚ ਮਿਲਣ ਗਈ। ਭਗਤ ਸਿੰਘ ਦੀ ਕੋਈ ਹੋਣ ਵਾਲੀ ਨਾਰ ਨਹੀਂ ਸੀ: ਇਹ ਸਾਰੀਆਂ ਧਾਰਨਾਵਾਂ ਉਸ ਨਾਇਕ ਬਾਰੇ ਗਲਤ ਪ੍ਰਭਾਵ ਪਾਉਂਦੀਆਂ ਹਨ, ਭਗਤ ਸਿੰਘ ਇਕ ਸਾਧਾਰਨ ਨੌਜਵਾਨ ਸੀ, ਜੋ ਆਜ਼ਾਦੀ ਅਤੇ ਇਨਕਲਾਬ ਦੇ ਫਲਸਫੇ ਤੋਂ ਪ੍ਰਭਾਵਤ ਹੋ ਕੇ ਰਾਜਸੀ ਸਰਗਰਮੀਆਂ ਵਿਚ ਪਿਆ, ਜਿਸ ਤਰ੍ਹਾਂ ਅੱਜ ਵੀ ਸੈਂਕੜੇ ਨੌਜਵਾਨ ਇਸ ਅਮਲ ਵਿਚ ਪੈਂਦੇ ਹਨ, ਅਜ ਸਹੀ ਸ਼ਬਦਾਂ ਵਿਚ ਉਹੀ ਭਗਤ ਸਿੰਘ ਦੇ ਵਾਰਸ ਹਨ, ਕਿਉਂਕਿ ਉਹ ਵੀ ਭਗਤ ਸਿੰਘ ਵਾਂਗ ਮਨੁੱਖੀ ਕਮਜ਼ੋਰੀਆਂ ਦੇ ਮਾਲਕ ਵੀ ਹਨ ਪਰ ਆਪਣੇ ਫਲਸਫੇ ਨਾਲ ਉਹਨਾਂ ਉਤੇ ਕਾਬੂ ਪਾ ਕੇ ਇਨਕਲਾਬ ਦੇ ਰਾਹ ਤੇ ਤੁਰਦੇ ਹਨ। ਭਗਤ ਸਿੰਘ ਨੂੰ ਧਾਰਮਿਕ ਅਤੇ ਧਪੰਡੀ ਕਾਂਗਰਸੀਆਂ ਤੋਂ ਬਚਾਉਣ ਦੀ ਲੋੜ ਹੈ। ਇਹ ਕੰਮ ਬੜਾ ਹੀ ਜ਼ਰੂਰੀ ਹੈ। ੦

(5) **ਸਰਕਾਰ ਅਤੇ ਨਿਆਂ ਕਚੇਹਰੀਆਂ:** ਸਰਕਾਰਾਂ ਕੁੱਟਲ ਨੀਤੀਆਂ ਚਲਾਂਦੀਆਂ ਹਨ ਪਰ ਇਹ ਵੀ ਮਿਸਾਲਾਂ ਮਿਲਦੀਆਂ ਹਨ ਜਦੋਂ ਇਨਸਾਫ ਦੀਆਂ ਕਚੇਹਰੀਆਂ ਇਹਨਾਂ ਕੁੱਟਲ ਨੀਤੀਆਂ ਨੂੰ ਨੰਗਾ ਕਰਦੀਆਂ ਹਨ। ਇਹਦੀ ਇਕ ਮਿਸਾਲ ਇੰਗਲੈਂਡ ਵਲੋਂ ਬੈਲਗਰਾਨੋ ਜਹਾਜ਼ ਦੇ ਡੋਬੇ ਜਾਣ ਦਾ ਕਾਂਡ ਹੈ। ਫਾਕਲੈਂਡ ਦੀ ਜੰਗ ਵੇਲੇ ਇੰਗਲੈਂਡ ਵਲੋਂ ਅਰਜਨਟਾਈਨ ਦਾ ਇਕ ਜਹਾਜ਼ ਡੋਬਿਆ ਗਿਆ ਸੀ ਜੋ ਜੰਗ ਦੇ ਖਿਤੇ ਤੋਂ ਬਾਹਰ ਸੀ; 400 ਅਰਜਨਟਾਇਨ ਦੇ ਜਹਾਜ਼ੀ ਵੀ ਇਸ ਜਹਾਜ਼ ਦੇ ਡੁਬਣ ਨਾਲ ਡੁੱਬ ਗਏ ਸਨ। ਇਹ ਸਪੱਸ਼ਟ ਤੌਰ ਤੇ ਇਕ ਜਾਰਹਾਨਾ ਕਾਰਵਾਈ ਸੀ। ਬ੍ਰਿਟਿਸ਼ ਪਾਰਲੀਮੈਂਟ ਵਿਚ ਇਹਦਾ ਰੌਲਾ ਪਿਆ ਤਾਂ ਸ਼੍ਰੀਮਤੀ ਥੈਚਰ ਨੇ ਇਕ ਬਿਆਨ ਪਾਰਲੀਮੈਂਟ ਵਿਚ ਦਿਤਾ ਕਿ ਇਹ ਜਹਾਜ਼ ਜੰਗ ਦੇ ਖਿਤੇ ਵਿਚ ਹੀ ਡੋਬਿਆ ਗਿਆ ਹੈ ਅਤੇ ਇਹ ਜੰਗ ਵਿਚ ਸ਼ਾਮਿਲ ਸੀ। ਇਹ ਬਿਆਨ ਗ਼ਲਤ ਸੀ। ਬ੍ਰਿਟਿਸ਼ ਡੀਫੈਂਸ ਮਨਿ-ਸਟਰੀ ਦੇ ਇਕ ਕਰਮਚਾਰੀ ਜਿਸਦਾ ਨਾਂ ਪੌਂਟਿੰਗ ਸੀ, ਉਸ ਨੂੰ ਪਤਾ ਸੀ ਕਿ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਨੂੰ ਗਲਤ ਜਾਣਕਾਰੀ ਦਿਤੀ ਹੈ। ਉਹ ਬੜਾ ਦੁਚਿੱਤੀ ਵਿਚ ਪਿਆ। ਇਕ ਪਾਸੇ ਉਹ ਕਰਮਚਾਰੀ ਹੋਣ ਦੇ ਨਾਤੇ ਅਸਲੀ ਗੱਲ ਦਸਦਾ ਹੈ ਤਾਂ ਉਹ ਖੁਫੀਆ ਜਾਣਕਾਰੀ ਬਾਹਰ ਦੇਣ ਦਾ ਅਪ੍ਰਾਧੀ ਬਣਦਾ ਹੈ। ਦੂਜੇ ਪਾਸੇ ਜੇ ਉਹ ਚੁੱਪ ਰਹਿੰਦਾ ਹੈ ਤਾਂ ਇਕ ਚੰਗਾ ਸ਼ਹਿਰੀ ਹੋਣ ਦਾ

ਫਰਜ਼ ਭੁਲਾਂਦਾ ਹੈ, ਉਹ ਨਹੀਂ ਚਾਹੁੰਦਾ ਸੀ ਕਿ ਉਹ ਦੀ ਪ੍ਰਧਾਨ ਮੰਤਰੀ ਆਪਣੇ ਲੋਕਾਂ ਨੂੰ ਗ਼ਲਤ ਜਾਣਕਾਰੀ ਦੇਵੇ ਅਤੇ ਇਸ ਤਰ੍ਹਾਂ ਪਾਰਲੀਮੈਂਟ ਦੇ ਫੋਰਮ ਦਾ ਅਪਮਾਨ ਕਰੇ, ਅਖੀਰ ਉਹਨੇ ਇਹੀ ਫੈਸਲਾ ਲਿਆ ਕਿ ਉਹ ਸਹੀ ਜਾਣਕਾਰੀ ਪ੍ਰੈਸ ਰਾਹੀਂ ਲੋਕਾਂ ਤਕ ਪੁਚਾਏਗਾ। ਉਹਨੇ ਇਹ ਪੁਚਾਈ ਤੇ ਉਹਦੇ ਉਤੇ ਖੁਫੀਆ ਜਾਣਕਾਰੀ ਦੇਣ ਦਾ ਅਪ੍ਰਾਧ ਦਾ ਮੁਕੱਦਮਾ ਚਲਿਆ। ਜੱਜਾਂ ਦੇ ਸਾਹਮਣੇ ਉਹਨੇ ਆਪਣਾ ਬਿਆਨ ਦਿਤਾ ਕਿ ਉਸ ਨੂੰ ਇਹ ਕਿਉਂ ਕਰਨਾ ਪਿਆ। ਜੱਜ ਨੇ ਫੈਸਲਾ ਜਿਊਰੀ ਦੇ ਹਵਾਲੇ ਕੀਤਾ। ਜਿਊਰੀ ਨੇ ਫੈਸਲਾ ਪੌਂਟਿੰਗ ਦੇ ਹੱਕ ਵਿਚ ਕੀਤਾ ਅਤੇ ਕਿਹਾ ਕਿ ਪੌਂਟਿੰਗ ਸਰਕਾਰੀ ਮੁਲਾਜ਼ਮ ਬਾਅਦ ਵਿਚ ਹੈ, ਪਹਿਲੇ ਉਹ ਸਤਿਕਾਰਯੋਗ ਬ੍ਰਿਟਿਸ਼ ਸ਼ਹਿਰੀ ਹੈ। ਇਕ ਸ਼ਹਿਰੀ ਦੀ ਹੈਸੀਅਤ ਵਿਚ ਉਹਨੇ ਜੋ ਆਖਣਾ ਫਰਜ਼ ਨਿਭਾਇਆ ਹੈ, ਇਹ ਸ਼ਲਾਘਾਯੋਗ ਹੈ। ਸੱਚ ਦੀ ਇਹ ਜਿਤ ਮਨੁੱਖੀ ਕਦਰਾਂ ਕੀਮਤਾਂ ਵਿਚ ਸਾਡਾ ਵਿਸ਼ਵਾਸ਼ ਵਧਾਉਂਦੀ ਹੈ। o

**(6) ਪੰਜਾਬ ਦਾ ਨਵਾਂ ਗਵਰਨਰ ਅਰਜੁਨ ਸਿੰਘ :**

ਇਹ ਸ਼ਖਸ ਉਹ ਹੈ ਜੋ ਮੱਸਲ ਪਾਵਰ (ਭਾਵ ਗੁੰਡਾ ਸ਼ਕਤੀ) ਨੂੰ ਰਾਜਸੀ ਅਮਲ ਦਾ ਇਹ ਅਨਿਖੜਵਾਂ ਭਾਗ ਸਮਝਦਾ ਹੈ। ਮਧਿਆ ਪ੍ਰਦੇਸ਼ ਵਿਚ ਭੂਪਾਲ ਗੈਸ ਕਾਂਡ, ਜਿਸ ਵਿਚ ਹਜ਼ਾਰਾਂ ਮਰ ਗਏ ਜਾਂ ਮਰਿਆਂ ਵਰਗੇ ਹੋ ਗਏ, ਉਹਦਾ ਮੁੱਖ ਦੋਸ਼ੀ ਇਹੋ ਅਰਜੁਨ ਸਿੰਘ ਕਿਹਾ ਜਾ ਸਕਦਾ ਹੈ। ਗੈਸ ਕਾਂਡ ਦੇ ਬਾਅਦ ਇਹਦੇ ਹੀ ਪਾਲੇ ਹੋਏ ਰਾਜਸੀ ਗੁਮਾਸ਼ਤਿਆਂ ਨੇ ਜਿਸਤਰ੍ਹਾਂ ਸਰਕਾਰੀ ਮੱਦਦ ਵਿਚ ਘਾਲਾ-ਮਾਲਾ ਕੀਤਾ, ਉਹ ਭੂਪਾਲ ਦੇ ਬੱਚੇ ਬੱਚੇ ਦੀ ਜ਼ਬਾਨ ਤੇ ਹੈ। ਇਹੋ ਜਿਹੇ ਸ਼ਖਸ ਨੂੰ ਪੰਜਾਬ ਦਾ ਗਵਰਨਰ ਇਸ ਲਈ ਚੁਣਿਆ ਗਿਆ ਹੈ ਕਿਉ ਕਿ ਇਹ ਰਾਜਸੀ ਤੋੜਫੋੜ ਦਾ ਮਾਹਿਰ ਹੈ। ਪੰਜਾਬ ਨੇ ਅੱਗੇ ਹੀ ਬੜਾ ਸੰਤਾਪ ਝੱਲਿਆ ਹੈ। ਪਿਛਲੇ ਚਾਰ ਪੰਜ ਸਾਲ ਹਰ ਕਿਸਮ ਦਾ ਗ਼ਲਤ ਮਲਤ ਬੰਦਾ ਪੰਜਾਬ ਦੇ ਰਾਜ ਪ੍ਰਬੰਧ ਉਤੇ ਠੋਸਿਆ ਗਿਆ ਹੈ। ਰਹੀ ਸਹੀ ਕਸਰ ਹੁਣ ਅਰਜੁਨ ਸਿੰਘ ਪੂਰੀ ਕਰੇਗਾ। ਜਿਹੜਾ ਸ਼ਖਸ ਅਪਣੇ ਸੂਬੇ ਵਿਚ ਇਕ ਗੁੰਡਾ ਮੁੱਖ ਮੰਤਰੀ ਦੇ ਉਪਨਾਮ ਨਾਲ ਜਾਣਿਆ ਜਾਂਦਾ ਸੀ, ਉਹ ਪੰਜਾਬ ਲਈ ਕੀ ਸਾਬਤ ਹੋਵੇਗਾ, ਇਸਦਾ ਅਨੁਮਾਨ ਸਹਿਜੇ ਹੀ ਲਗ ਸਕਦਾ ਹੈ। o

ਇਕ ਰੀਪੋਰਟ

## ਪਲਸ ਮੰਚ ਦਾ ਸਥਾਪਨਾ ਦਿਵਸ ਛੰਦੜਾ ਵਿਖੇ

**ਸੁਰਜੀਤ ਬਰਾੜ**

ਪੰਜਾਬ ਲੋਕ ਸਭਿਆਚਾਰ ਵਲੋਂ ਛੰਦੜਾ ਵਿਖੇ ਆਪਣਾ ਸਥਾਪਨਾ ਦਿਵਸ 16 ਮਾਰਚ ਨੂੰ ਮਨਾਇਆ ਗਿਆ; ਪਲਸ ਮੰਚ ਦਾ ਇਹ ਪ੍ਰੋਗਰਾਮ ਵੀ ਜਲੰਧਰ ਦੇ 26 ਜਨਵਰੀ ਦੇ ਪ੍ਰੋਗਰਾਮ ਵਾਂਗ ਇਕ ਅਦੁੱਤੀ ਤੇ ਲਾਸਾਨੀ ਸੀ। ਇਹ ਵੀ ਇਕ ਯਾਦਗਾਰੀ ਪ੍ਰੋਗਰਾਮ ਸੀ। ਪਲਸ ਮੰਚ ਹੀ ਪੰਜਾਬ ਦੀ ਇਕੋ ਇਕ ਜਥੇਬੰਦੀ ਹੈ ਜੋ ਨਰੋਏ ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ। ਪਲਸ ਮੰਚ ਹੀ ਇਕੋ ਇਕ ਮੰਚ ਰਿਹਾ ਹੈ ਜੋ ਪਿਛਲੇ ਅਤ ਦੇ ਨਾਜ਼ੁਕ ਸਮੇਂ ਵਿਚ ਵੀ ਜਿਊਂਦਾ ਰਿਹਾ ਹੈ ਅਤੇ ਪੂਰੀ ਨਿਡਰਤਾ-ਨਿਰਭੈਤਾ ਨਾਲ ਸਮਰੱਥਾ ਤੋਂ ਵੱਧ ਕੰਮ ਕਰਦਾ ਰਿਹਾ ਹੈ ਜਦੋਂ ਕਿ ਬਾਕੀ ਸਭ ਜਥੇਬੰਦੀਆਂ ਡਰ ਨਾਲ ਨੀਰਸ ਅਤੇ ਸ਼ਾਂਤ ਹੋ ਗਈਆਂ ਸਨ। ਪਲਸ ਮੰਚ ਹੀ ਸੀ ਜਿਸਨੇ ਅੱਗ ਤੇ ਖੇਡ ਕੇ ਵੀ ਫਿਰਕੂ ਸਦਭਾਵਨਾ ਲਈ ਉਸਾਰੂ ਕੰਮ ਕੀਤਾ। ਉਸੇ ਲੜੀ ਦਾ ਅਗਲਾ ਪ੍ਰੋਗਰਾਮ ਪਲਸ ਮੰਚ ਨੇ ਬੜੀ ਸਫ਼ਲਤਾ ਪੂਰਵਕ ਛੰਦੜਾ ਵਿਖੇ ਕੀਤਾ ਹੈ।

ਪ੍ਰੋਗਰਾਮ ਦੇ ਪਹਿਲੇ ਸੈਸ਼ਨ ਵਿਚ ਪਲਸ ਮੰਚ ਦੀ ਚੋਣ ਹੋਈ। ਚੋਣ ਤੋਂ ਪਹਿਲਾਂ ਪਿਛਲੇ ਸਾਲ ਦੇ ਕੰਮਾਂ ਕਾਜਾਂ ਉੱਤੇ ਇਕ ਰੀਪੋਰਟ ਪੜ੍ਹੀ ਗਈ ਜਿਸ ਰੀਪੋਰਟ ਤੇ ਕਾਫ਼ੀ ਵਿਚਾਰ ਚਰਚਾ ਹੋਈ। ਉਸਾਰੂ ਕੰਮ ਕਰਨ ਅਤੇ ਪਿੱਛੇ ਰਹੀਆਂ ਘਾਟਾਂ ਨੂੰ ਨਵਿਰਤ ਕਰਕੇ ਅਗੇ ਵਧਣ ਦਾ ਪ੍ਰਣ ਕੀਤਾ ਗਿਆ। ਇਸ ਪ੍ਰਣ ਤੋਂ ਬਾਅਦ ਪਲਸ ਮੰਚ ਦੀ 21 ਮੈਂਬਰੀ ਚੋਣ ਹੋਈ ਜਿਸ ਵਿਚ ਸਰਵ ਸ੍ਰੀ ਗੁਰਸ਼ਰਨ ਸਿੰਘ, ਸਬਜਿੰਦਰ ਕੇਦਾਰ, ਸੁਰਜੀਤ ਬਰਾੜ, ਗੁਰਬਖ਼ਸ਼ ਜਸ, ਗੁਰਪਾਲ ਲਿੱਟ; ਜੁਗਰਾਜ ਧੌਲਾ, ਤਰਲੋਚਨ, ਭੁਪਿੰਦਰ ਮਾਂਗਟ, ਅਮਰ ਅਫਤਾਬ, ਜ਼ੋਰਾ ਸਿੰਘ ਨਸਰਾਲੀ, ਅਮੋਲਕ ਸਿੰਘ, ਹੰਸਾ ਸਿੰਘ, ਜਸਵੰਤ ਸਿੰਘ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਸੁਰਜੀਤ ਗਾਮੀ, ਧਰਮਪਾਲ ਉਪਾਸ਼ਕ, ਸੁਮਨ, ਗੁਰਮੀਤ ਹੇਅਰ, ਕੇਵਲ ਧਾਲੀਵਾਲ, ਆਦਿ ਮੈਂਬਰ ਚੁਣੇ ਗਏ, ਪਲਸ ਮੰਚ ਦੇ ਪ੍ਰਧਾਨ ਗੁਰਸ਼ਰਨ ਸਿੰਘ, ਸਕੱਤਰ ਸਬਜਿੰਦਰ ਕੇਦਾਰ ਅਤੇ ਵਿੱਤ ਸਕੱਤਰ ਸੁਰਜੀਤ ਬਰਾੜ ਨੂੰ ਚੁਣਿਆ ਗਿਆ। ਪਲਸ ਮੰਚ ਦੀ ਸਾਰੀ ਚੋਣ ਸਰਬ ਸੰਮਤੀ ਨਾਲ ਹੋਈ। ਅੱਗੋਂ ਪਲਸ ਮੰਚ ਨੇ ਆਪਣੀ ਇਕ ਪ੍ਰਕਾਸ਼ਨ ਕਮੇਟੀ ਚੁਣੀ ਜਿਸ ਵਿਚ ਗੁਰਬਖਸ਼ ਜਸ, ਗੁਰਸ਼ਰਨ ਸਿੰਘ, ਸੁਰਜੀਤ ਬਰਾੜ, ਅਮੋਲਕ ਸਿੰਘ, ਭੁਪਿੰਦਰ ਮਾਂਗਟ ਨੂੰ ਲਿਆ ਗਿਆ ਅਤੇ ਇਕ ਕਮੇਟੀ ਜਨਵਰੀ 85 ਤੋਂ ਦਸੰਬਰ 85 ਤੱਕ ਸਮੁੱਚਾ ਚੋਣਵਾਂ ਤੇ ਇਨਕਲਾਬੀ ਸਾਹਿਤ ਇਕੱਠਾ ਕਰਨ ਲਈ ਤਿੰਨ ਮੈਂਬਰੀ ਕਮੇਟੀ ਚੁਣੀ ਗਈ ਜਿਸ ਵਿਚ ਗੁਰਪਾਲ ਲਿੱਟ, ਧਰਮਪਾਲ ਉਪਾਸ਼ਕ ਅਤੇ ਪ੍ਰੋ. ਹਮਦਰਦਵੀਰ ਨੂੰ ਨਿਯੁਕਤ ਕੀਤਾ ਗਿਆ।

ਦੂਜਾ ਸੈਸ਼ਨ ਸ਼ਾਮੀ 5 ਵਜੇ ਸ਼ੁਰੂ ਹੋਇਆ, ਜਿਸ ਵਿਚ ਬੱਚਿਆਂ ਦੇ ਗੀਤ ਮੁਕਾਬਲੇ ਅਤੇ ਮੋਨੋ ਐਕਟਿੰਗ ਮੁਕਾਬਲੇ ਕਰਵਾਏ ਗਏ ਇਹ ਮੁਕਾਬਲੇ ਚਾਰ ਹਿੱਸਿਆਂ ਵਿਚ ਵੰਡੇ ਗਏ। ਪਹਿਲੇ ਹਿੱਸੇ ਵਿਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਗੀਤ ਮੁਕਾਬਲੇ, ਦੂਜੇ ਹਿੱਸੇ

ਵਿਚ ਮਿਡਲ ਪੱਧਰ ਦੇ ਬੱਚਿਆਂ ਦੇ ਗੀਤ ਮੁਕਾਬਲੇ, ਤੀਜੇ ਹਿੱਸੇ ਵਿਚ ਹਾਈ ਸਕੂਲ ਦੇ ਬੱਚਿਆਂ ਦੇ ਮੁਕਾਬਲੇ ਅਤੇ ਚੌਥੇ ਹਿੱਸੇ ਵਿਚ ਮੋਨੋ ਐਕਟਿੰਗ ਮੁਕਾਬਲੇ ਕਰਵਾਏ ਗਏ । ਬੱਚਿਆਂ ਨੂੰ ਚੋਣਵੀਆਂ ਇਨਕਲਾਬੀ ਕਿਤਾਬਾਂ ਦੇ ਇਨਾਮ ਪ੍ਰੋ. ਜਗਮੋਹਣ ਸਿੰਘ (ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ) ਦੁਆਰਾ ਦੁਆਰਾ ਵੰਡੇ ਗਏ । ਬੱਚਿਆਂ ਦੇ ਪਹਿਲੇ-ਦੂਜੇ ਸਥਾਨ ਦੀ ਚੋਣ ਕਰਨ ਵਾਲੇ ਜੱਜ ਸਨ, ਪ੍ਰੋ. ਗੁਲਵੰਤ ਸਿੰਘ, ਅਮਰ ਅਫਤਾਬ ਅਤੇ ਕੁਲਵੰਤ ਤਰਕ । ਪ੍ਰੋ: ਜਗਮੋਹਣ ਸਿੰਘ ਨੇ ਬੱਚਿਆਂ ਨੂੰ ਮਹਾਨ ਬਣਨ ਦੀ ਪ੍ਰੇਰਨਾ ਦਿੱਤੀ ਅਤੇ ਆਸ ਕੀਤੀ ਕਿ ਭਵਿੱਖ ਵਿਚ ਉਹ ਇਨਕਲਾਬੀ ਲਹਿਰਾਂ ਦੇ ਰਹਿਬਰ ਹੋਣਗੇ ।

ਬੱਚਿਆਂ ਦੇ ਗੀਤ-ਸੰਗੀਤ ਮੁਕਾਬਲੇ ਤਕਰੀਬਨ 7 ਵਜੇ ਸਮਾਪਤ ਹੋਏ, ਤਦ ਰੋਟੀ ਲਈ ਇਕ ਘੰਟੇ ਦੀ ਬਰੇਕ ਪਾਈ। ਰੋਟੀ ਖਾਣ ਤੋਂ ਬਾਅਦ ਤਕਰੀਬਨ 8-30 ਵਜੇ ਪੂਰੀ ਤਰ੍ਹਾਂ ਅਗਲਾ ਪ੍ਰੋਗਰਾਮ ਸ਼ੁਰੂ ਹੋ ਗਿਆ ਸੀ। ਇਸ ਰਾਤ ਦੇ ਪ੍ਰੋਗਰਾਮ ਵਿਚ ਜਿਥੇ ਸਾਰੇ ਪਿੰਡ ਦੇ ਬੱਚੇ, ਬੁੱਢੇ, ਜਵਾਨ ਅਤੇ ਔਰਤਾਂ ਸਨ ਉਥੇ ਦੂਰ ਦੁਰਾਡਿਉਂ, ਟਰੈਕਟਰਾਂ, ਟਰਾਲੀਆਂ, ਬੱਸਾਂ ਅਤੇ ਟਰੱਕਾਂ ਰਾਹੀਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਮਿੰਨ੍ਹੀ ਮਿੰਨ੍ਹੀ ਠੰਢ ਦੇ ਬਾਵਜੂਦ 5000 ਤੋਂ ਉੱਪਰ ਲੋਕਾਂ ਦੇ ਇਕੱਠ ਦਾ ਠਾਠਾਂ ਮਾਰਦਾ ਸਮੁੰਦਰ ਨਜ਼ਰ ਆ ਰਿਹਾ ਸੀ। ਸਭ ਤੋਂ ਵੱਧ ਇਸ ਪ੍ਰੋਗਰਾਮ ਦੀ ਮਹਾਨਤਾ ਇਹ ਸੀ ਕਿ ਲੋਕ ਸਵੇਰ ਦੇ 3-15 ਵਜੇ ਤੱਕ ਬੜੇ ਸ਼ਾਂਤ-ਅਡੋਲ ਰਹਿ, ਕੇ ਪ੍ਰੋਗ੍ਰਾਮ ਦਾ ਅਨੰਦ ਹੀ ਨਹੀਂ ਮਾਣ ਰਹੇ ਸਨ ਸਗੋਂ ਕੁਝ ਗ੍ਰਹਿਣ ਵੀ ਕਰ ਰਹੇ ਸਨ।

ਰਾਤ ਦੇ ਪ੍ਰੋਗ੍ਰਾਮ ਦੇ ਪਹਿਲੇ ਦੌਰ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਐਕਸ਼ਨ ਗੀਤ—ਛੱਟਾ ਚਾਨਣਾ ਦੇਈ ਜਾਣਾ, ਐ ਲਾਲ ਫਰੇਰੇ ਤੇਰੀ ਕਸਮ ਇਸ ਖ਼ੂਨ ਕਾ ਬਦਲਾ ਹਮ ਲੇਂਗੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ ਗਏ। ਦਰਸ਼ਕਾਂ ਦੇ ਲੂੰ ਕੰਡੇ ਖੜੇ ਹੋ ਗਏ। ਕੌਣ ਸੀ ਜੋ ਇਹ ਗੀਤ ਸੁਣ ਕੇ ਜਜ਼ਬਾਤੀ ਨਾ ਹੋਇਆ ਹੋਵੇ ? ਇਸਤੋਂ ਬਿਨਾਂ ਪੇਂਡੂ ਨਾਟਕ ਮੰਡਲੀ ਲੁਧਿਆਣਾ ਵੱਲੋਂ ਇਕ ਵਧੀਆ ਸਮੂਹ ਗੀਤ ਪੇਸ਼ ਕੀਤਾ ਗਿਆ। ਪੰਜਾਬ ਨਾਟਕ ਕਲਾ ਕੇਂਦਰ ਵੱਲੋਂ ਦਿੱਲੀ ਦੀਏ ਹਕੂਮਤੇ (ਐਕਸ਼ਨ ਗੀਤ) ਪੇਸ਼ ਕੀਤਾ ਗਿਆ ਪਰ ਅਮੋਲਕ ਸਿੰਘ ਜਿਹੜਾ ਇਸ ਗੀਤ ਉਤੇ ਗਾਉਣ ਵੱਲੋਂ ਰੰਗ ਬੰਨਿਆਂ ਕਰਦਾ ਸੀ ਉਹ, ਰੰਗ ਨਹੀਂ ਬੱਝਿਆ ਇਸਤੋਂ ਬਿਨਾਂ ਹਰੀ ਸਿੰਘ ਅਤੇ ਸੁਰਜੀਤ ਗਾਮੀ ਨੇ ਆਪਣੇ-ਇਨਕਲਾਬੀ ਗੀਤ ਗਾ ਕੇ ਦਰਸ਼ਕਾਂ ਤੇ ਕਾਫ਼ੀ ਡੂੰਘਾ ਪ੍ਰਭਾਵ ਪਾਇਆ।

ਰਾਤ ਦੇ ਦੂਜੇ ਦੌਰ ਵਿਚ ਇਕ ਛੋਟਾ ਜੇਹਾ ਕਵੀ ਦਰਬਾਰ ਹੋਇਆ ਜਿਸ ਵਿਚ ਅੱਜ ਦੇ ਫਿਰਕੂ ਮਹੌਲ ਦੀ ਪਰਹਾਰ ਅਤੇ ਫਿਰਕੂ ਸਦਭਾਵਨਾ ਨੂੰ ਸਮਰਪਤ ਕਵਿਤਾਵਾਂ ਪੜ੍ਹੀਆਂ ਗਈਆਂ, ਕਵਿਤਾਵਾਂ ਬਹੁਤ ਹੀ ਉਸਾਰੂ ਸਨ। ਕਵੀ ਦਰਬਾਰ ਵਿਚ ਮਿੰਦਰਪਾਲ ਭੱਠਲ,ਦਰਸ਼ਨ ਖੜਕੜ, ਨਵਕਿਰਨ,ਧਰਮਪਾਲ ਉਪਾਸ਼ਕ, ਸੁਰਜੀਤ ਪਾਤਰ,ਸੁਰਜੀਤ ਬਰਾੜ ਨੇ ਹਿੱਸਾ ਲਿਆ। ਇਸਤੋਂ ਇਲਾਵਾ ਅਨੇਕਾਂ ਹੋਰ ਕਵੀ ਤੇ ਸਾਹਿਤਕਾਰ ਵੀ ਇਸ ਪ੍ਰੋਗ੍ਰਾਮ ਵਿਚ ਸ਼ਾਮਲ ਸਨ ਜਿਵੇਂ ਪਾਸ਼, ਜੈ ਦੇਵ ਦਿਲਬਰ; ਕੁਲਵੰਤ ਤਰਕ, ਅਮਰ ਆਫ਼ਤਾਬ, ਪ੍ਰੋ. ਹਮਦਰਦਵੀਰ, ਹਰੀ ਸਿੰਘ ਤਰਕ ਆਦਿ।

ਨਾਟਕਾਂ ਦਾ ਦੌਰ ਸ਼ੁਰੂ ਹੋਣ ਤੋਂ ਪਹਿਲਾਂ ਪਲਸ ਮੰਚ ਦੇ ਸੂਬਾ ਮੈਂਬਰ ਅਮੋਲਕ ਸਿੰਘ ਨੇ ਅੱਧੇ ਘੰਟੇ ਲਈ ਪਲਸ ਮੰਚ ਦੇ ਪ੍ਰੋਗ੍ਰਾਮਾਂ ਬਾਰੇ ਵਿਸਥਾਰ ਸਹਿਤ ਰੌਸ਼ਨੀ ਪਾਈ। ਉਹਨਾਂ ਦੇ ਬੋਲਣ ਤੋਂ ਬਾਅਦ ਨਾਟਕ ਸਮਾਗਮ ਦਾ ਅਰੰਭ ਪ੍ਰੋ. ਆਤਮਜੀਤ ਦੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਇੰਡੀਅਨ ਪੀਪਲ ਥੀਏਟਰ ਵੱਲੋਂ ਖੇਡਿਆ ਗਿਆ ਨਾਟਕ ਅੱਜ ਦੇ ਗੰਧਲੇ ਫਿਰਕੂ ਮਹੌਲ ਉੱਪਰ ਕਾਫ਼ੀ ਕਰੜੀ ਚੋਟ ਸੀ। ਵਿਸ਼ੇ ਪੱਖੋਂ ਨਾਟਕ ਬਹੁਤ ਹੀ ਸਫ਼ਲ ਸੀ ਪਰ ਨਾਟਕ ਵਿਚ ਬਾਰ ਬਾਰ ਇਕੋ ਗੱਲ ਦਾ ਦੁਹਰਾ ਨਾਟਕ ਨੂੰ ਨੀਰਸ ਬਣਾਉਂਦਾ ਸੀ। ਨਾਟਕ ਦੀ ਪੇਸ਼ਕਾਰੀ ਵਿਚ ਅਕੇਵੇਂ ਵਾਲਾ ਲਮਕਾ ਸੀ। ਪਾਤ੍ਰਾਂ ਚੋਂ ਗੁਰਪਾਲ ਲਿੱਟ,ਬਚਨਸਿੰਘ ਦੇ ਰੋਲ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ।ਇਸ ਲੰਬੇ ਨਾਟਕ ਤੋਂ ਬਾਦ ਅੰਮ੍ਰਿਤ-ਸਰ ਨਾਟਕ ਕਲਾਕੇਂਦਰ ਵਲੋਂ ਇਕ ਐਕਸ਼ਨ ਗੀਤ'ਕ੍ਰਿਤੀ ਚੀਏ ਕੁੱਲੀਏ' ਬੜੇ ਹੀ ਇਨਕਲਾਬੀ ਜਜ਼ਬੇ ਨਾਲ ਪੇਸ਼ ਕੀਤਾ ਗਿਆ, ਜਿਸਨੂੰ ਸੁਣ ਕੇ ਦਰਸ਼ਕ ਅਸ਼ ਅਸ਼ ਕਰ ਉਠੇ। ਇਸ ਐਕਸ਼ਨ ਗੀਤ ਬਾਅਦ ਇਕ ਹੋਰ ਐਕਸ਼ਨ ਗੀਤ—'ਤੂਫ਼ਾਨ ਜ਼ੋਰ ਫੜ ਰਿਹੈ' ਪੇਸ਼ ਕੀਤਾ ਗਿਆ। ਇਹ ਗੀਤ ਅਸਲੋਂ ਨਵੀਂ ਤਰਜ਼ ਵਿਚ ਸੀ ਜਿਸਦੇ ਐਕਸ਼ਨ ਦੱਸਦੇ ਸਨ ਕਿ ਸੱਚੀਓਂ ਹੀ ਇਨਕਲਾਬੀ ਤੂਫ਼ਾਨ ਜ਼ੋਰ ਫੜ ਰਿਹਾ ਹੈ। ਦਰਸਕਾਂ ਦੀ ਮੰਗ ਉੱਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਇਕ ਹੋਰ ਐਕ-ਸ਼ਨ ਗੀਤ—ਵਾਰੇ ਵਾਰੇ ਉਏ ਦੂੱਲਿਓ—ਪੇਸ਼ ਕੀਤਾ ਗਿਆ। ਗੀਤ ਵਾਕਯਈ ਬਾਕੀ ਸਾਹਿਤ ਨਾਲੋਂ, ਲੋਕਾਂ ਨੂੰ ਵਧੇਰੇ ਪ੍ਰਭਾਵਤ ਕਰਦੇ ਹਨ ਪਰ ਕਾਰਜਾਂ ਭਰਪੂਰ ਗੀਤ (ਐਕਸ਼ਨਾਂ ਨਾਲ ਗੀਤ) ਲੋਕਾਂ ਉਪਰ ਇਕ ਬਹੁਤ ਹੀ ਡੂੰਘੀ ਛਾਪ ਛੱਡਦੇ ਹਨ ਇਹ 26 ਜਨਵਰੀ ਅਤੇ 16 ਮਾਰਚ ਦੇ ਪ੍ਰੋਗਰਾਮਾਂ ਉੱਤੇ ਭਲੀਭਾਂਤ ਪਰਖਿਆ ਗਿਆ ਹੈ। ਕੰਵਲਜੀਤ ਨੀਲੋਂ ਦੇ 'ਸਕਿੱਟ' ਤੋਂ ਬਾਅਦ ਪੰਜਾਬ ਨਾਟਕ ਕਲਾ ਕੇਂਦਰ ਵੱਲੋਂ— 'ਔਰੰਗਜ਼ੇਬ ਅਜੇ ਮਰਿਆ

ਨਹੀਂ, ਨਾਟਕ ਪੇਸ਼ ਕੀਤਾ ਗਿਆ, ਇਹ ਨਾਟਕ ਵੀ ਵਿਸ਼ੇ ਅਤੇ ਅਦਾਕਾਰੀ ਪੱਖੋਂ ਸਫ਼ਲ ਨਾਟਕ ਕ੍ਰਿਹਾ ਜਾ ਸਕਦਾ ਹੈ। ਜ਼ੋਰਾ ਸਿੰਘ ਨਸਰਾਲੀ (ਸਿਪਾਹੀ) ਅਤੇ ਹੰਸਾ ਸਿੰਘ (ਸੂਤਰਧਾਰ) ਇਸ ਨਾਟਕ ਦੀ ਜਿੰਦਜਾਨ ਕਹੇ ਜਾ ਸਕਦੇ ਹਨ। ਇਸ ਨਾਟਕ ਤੋਂ ਅਗਲਾ ਸੀ ਕਾਵਿ-ਨਾਟ ਬੰਬ ਦਾ ਫ਼ਲਸਫ਼ਾ— ਜੋ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਖੇਡਿਆ ਗਿਆ। ਇਸ ਕਾਵਿ ਨਾਟ ਵਿਚ ਸ੍ਰ: ਭਗਤ ਸਿੰਘ ਦੇ ਅਦਾਲਤ ਵਿਚ ਬੰਬ ਦੇ ਫ਼ਲਸਫ਼ੇ ਪ੍ਰਤੀ ਦਿੱਤੇ ਬਿਆਨ ਦੀ ਝਲਕ ਹੈ ਜਿਸਨੂੰ ਬੜੇ ਜਜ਼ਬਾਤੀ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਕਾਵਿ-ਨਾਟ ਨੇ ਦਰਸ਼ਕਾਂ ਉੱਤੇ ਅਮਿੱਟ ਮੋਹਰਛਾਪ ਲਾਈ ਹੈ। ਫਿਰ ਮਾਛੀਵਾੜਾ ਨਾਟਕ ਕਲਾ ਕੇਂਦਰ ਵਲੋਂ ਇਕ ਨਾਟਕ (ਨਵੀਂ ਅਦਾਕਾਰੀ-ਪੇਸ਼ਕਾਰੀ ਨਾਲ) 'ਤੇ ਦੇਵ ਪੁਰਸ਼ ਹਾਰ ਗਏ—' ਪੇਸ਼ ਕੀਤਾ ਗਿਆ ਜਿਸਦਾ ਵਿਸ਼ਾ ਬਿਲਕੁੱਲ ਵੱਖਰਾ ਅਤੇ ਨਿਵੇਕਲਾ ਸੀ ਜੋ ਕਿ ਲੋਕਾਂ ਨੂੰ ਵਹਿਮਾ ਭਰਮਾਂ-ਤੋਂ ਬਚਣ ਲਈ ਸਿਖਿਆ ਦਿੰਦਾ ਹੈ। ਇਸ ਨਾਟਕ ਦੀ ਸਕ੍ਰਿਪਟ ਪ੍ਰੋ. ਗੁਰਸ਼ਰਨ ਸਿੰਘ ਦੀ ਲਿਖੀ ਹੈ। ਇਸ ਵਿਚ ਪੰਡਤ, ਸਾਧ, ਚੇਲਾ ਆਦਿ ਦੇ ਰੂਪ ਵਿਚ ਕੰਮ ਕਰਦੇ ਪਾਤਰਾਂ ਦੀ ਐਕਟਿੰਗ ਨੇ ਤਹਿਲਕਾ ਮਚਾ ਦਿੱਤਾ ਇੰਜ ਜਾਪਦਾ ਸੀ, ਜੀਕਣ ਉਹ ਸੱਚੀਮੁੱਚੀ ਦੇ ਸੰਸਾਰੀ ਲੋਕ ਹੋਣ। ਇਹ ਨਾਟਕ ਵੀ ਸੂਤਰਧਾਰਾਂ ਦੀ ਟੁੱਟਵੀਂ ਜੇਹੀ ਕੁਮੈਂਟਰੀ ਤੋਂ ਬਿਨਾਂ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ। ਫਿਰ ਕੇਵਲਜੀਤ ਨੀਲੋਂ ਨੇ ਇਕ ਹੋਰ ਸਕਿੱਟ ਪੇਸ਼ ਕੀਤਾ। ਸਕਿੱਟ ਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਸਮੂਹ ਐਕਸ਼ਨ ਗੀਤ—ਜੰਗ-ਏ-ਅਵਾਮੀ ਸੇ ਕੋਹਰਾਮ ਮਚਾ ਦੇਂਗੇ (ਜਗਮੋਹਣ ਜੋਸ਼ੀ) ਪੇਸ਼ ਕੀਤਾ ਗਿਆ, ਇਹ ਇਸ ਦੌਰ ਦੀ ਅੰਤਮ ਆਈਟਮ ਸੀ ਪਰ ਦਰਸ਼ਕਾਂ ਦੀ ਪੁਰਜ਼ੋਰ ਮੰਗ ਤੇ— 'ਬਾਬਾ ਬੋਲਦਾ ਹੈ' ਨਾਟਕ ਪੇਸ਼ ਕਰਨਾ ਪਿਆ—ਗੁਰਸ਼ਰਨ ਭਾਅ ਜੀ ਚਾਹੁੰਦੇ ਕਿ ਠੰਡ ਕਾਫ਼ੀ ਉੱਤਰ ਆਈ ਹੈ ਤੇ ਹੁਣ ਪ੍ਰੋਗ੍ਰਾਮ ਸਮਾਪਤ ਕਰ ਦਿੱਤਾ ਜਾਵੇ ਪਰ ਦਰਸ਼ਕ ਤਾਂ ਏਨੇ (ਪ੍ਰੋਗ੍ਰਾਮ ਨਾਲ) ਨਿੱਘੇ ਹੋ ਚੁੱਕੇ ਸਨ ਕਿ ਉਹ ਠੰਢ ਦੇ ਬਾਵਜੂਦ ਵੀ ਉੱਠਣ ਦਾ ਨਾਮ ਨਹੀਂ ਲੈਂਦੇ ਸਨ। ਪਾਤਰਾਂ ਦੇ ਤਿਆਰ ਹੋਣ ਤੱਕ ਭੈਣ 'ਸੁਮਨ ਅਤੇ ਸਾਥਣਾਂ' ਅਤੇ ਮਾਛੀਵਾੜਾ ਕਲਾ ਮੰਚ ਵੱਲੋਂ ਗੀਤ ਪੇਸ਼ ਕੀਤੇ ਗਏ। 'ਬਾਬਾ ਬੋਲਦਾ ਹੈ' ਹਰ ਪੱਖੋਂ ਇਕ ਬੜਾ ਜ਼ਬਰਦਸਤ ਨਾਟਕ ਹੈ ਜਿਸਨੂੰ ਜਲੰਧਰ ਹੀ ਨਹੀਂ ਸਗੋਂ ਹੋਰ ਵੀ ਕਈ ਥਾਵਾਂ ਉੱਪਰ ਖੇਡਿਆ ਜਾ ਚੁੱਕਿਆ ਹੈ ਜੇਕਰ ਇਸ ਨਾਟਕ ਨੂੰ ਅੱਜ ਦੇ ਸਮੇਂ ਦਾ 'ਯੁਗ-ਨਾਟਕ' ਕਹਿ ਦਿਤਾ ਜਾਵੇ ਤਾਂ ਅਤ-ਕਥਨੀ ਨਹੀਂ ਹੋਵੇਗਾ, ਹੁਣ ਸਮਾਂ 3-15 ਵਜ ਚੁੱਕੇ ਸਨ ਅਤੇ ਇਹ ਛੰਦੜਾ ਦਾ ਸਮਾਗਮ ਨਿਰਵਿਘਨ (ਬਹੁਤ ਸਾਰੇ ਵੱਡੇ ਸੁਆਲ ਅਤੇ ਉਹਨਾਂ ਦਾ ਹੱਲ ਛੱਡਦਾ ਹੋਇਆ) ਸਮਾਪਤ ਹੋ ਗਿਆ ਸੀ।

ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਭੁਪਿੰਦਰ ਮਾਂਗਟ, ਗੁਰਸ਼ਰਨ ਸਿੰਘ ਅਤੇ ਬਾਕੀ ਸੂਬਾ ਮੈਂਬਰਾਂ ਤੇ ਵਰਕਰਾਂ ਉੱਪਰ ਜਾਂਦਾ ਹੈ। ਇਸ ਪ੍ਰੋਗਰਾਮ ਦੇ ਸਟੇਜ ਸਕੱਤਰ ਸਨ — ਗੁਰਪਾਲ ਲਿੱਟ, ਸਰਬਜਿੰਦਰ ਕੇਦਾਰ, ਸੁਰਜੀਤ ਬਰਾੜ, ਗੁਰਸ਼ਰਨ ਸਿੰਘ—ਜਿਹਨਾਂ ਨੇ ਸਮੇਂ ਸਥਾਨ ਮੁਤਾਬਕ ਸਟੇਜ ਨੂੰ ਬੜੇ ਚੰਗੇ ਢੰਗ ਨਾਲ ਚਲਾ ਕੇ ਇਸ ਪ੍ਰੋਗਰਾਮ ਨੂੰ ਸਫ਼ਲ ਕੀਤਾ। ○

## ਇਕ ਚਿੱਠੀ

ਭਾ ਜੀ ਤੁਸੀਂ ਪਲਸ ਮੰਚ ਦੇ ਸੂਬਾਈ ਸਮਾਗਮ ਦਾ ਰੀਵਿਊ ਕਰਦਿਆਂ ਸਭਿਆਚਾਰਕ ਸਰਗਰਮੀਆਂ ਲਈ ਸਾਜ਼ਗਾਰ ਹਾਲਤ ਪੈਦਾ ਕਰਕੇ ਚੁਫੇਰੇ ਪਸਰੀ ਹੋਈ ਅਣਸੁਖਾਵੀਂ ਚੁੱਪ ਅਤੇ ਖਾਮੋਸ਼ੀ ਨੂੰ ਤੋੜਨ ਬਾਰੇ ਅਤੇ ਲੋਕ-ਪੱਖੀ ਸਭਿਆਚਾਰਕ ਸੰਸਥਾਵਾਂ ਦੇ ਰੋਲ ਬਾਰੇ ਜਿਹੜੇ ਨੁਕਤੇ ਉਠਾਏ ਹਨ, ਉਨ੍ਹਾਂ ਨੇ ਹੀ ਮੈਨੂੰ ਇਹ ਖਤ ਲਿਖਣ ਲਈ ਮਜਬੂਰ ਕੀਤਾ ਹੈ। ਸਾਹਿਤ ਅਤੇ ਸਭਿਆਚਾਰ ਬਾਰੇ ਅਜੇਹੇ ਗੰਭੀਰ ਨੁਕਤੇ ਸਚਮੁਚ ਓਸੇ ਵਿਅਕਤੀ ਦੇ ਦਿਲ ਵਿਚੋਂ ਉਠ ਸਕਦੇ ਹਨ ਜਿਸਨੂੰ ਆਪਣੇ ਲੋਕਾਂ, ਸਭਿਆਚਾਰ, ਆਪਣੀ ਮਾਂ ਬੋਲੀ ਅਤੇ ਸਾਹਿਤ ਨਾਲ ਅਥਾਹ ਪਿਆਰ ਹੋਵੇ—ਹਰ ਵਾਕ-ਹਰ ਸ਼ਬਦ ਵਿਚੋਂ ਇਹ ਪਿਆਰ ਸਾਫ਼ ਝਲਕਦਾ ਹੈ। ਤੁਹਾਡੇ ਦਿਲ ਦੀਆਂ ਡੂੰਘਾਈਆਂ ਵਿਚੋਂ ਉਠੀ ਇਹ ਸੰਵੇਦਨਸ਼ੀਲ ਆਵਾਜ਼ ਅਜਾਈਂ ਨਹੀਂ ਜਾਵੇਗੀ—ਇਹ ਆਵਾਜ਼ ਹੋਰ ਵੀ ਹਜ਼ਾਰਾਂ ਪੰਜਾਬੀਆਂ ਦੇ ਦਿਲਾਂ ਨੂੰ ਧੜਕਾਏਗੀ—ਜ਼ਰੂਰ ਆਪਣਾ ਰੰਗ ਲਿਆਵੇਗੀ, ਇਹ ਮੈਨੂੰ ਪੂਰਾ ਵਿਸ਼-ਵਾਸ ਹੈ। ਸਾਡਾ ਪਿਛਲਾ ਇਤਿਹਾਸ ਗਵਾਹ ਹੈ ਕਿ ਜਦੋਂ ਸਾਰੇ ਜੰਗਲ ਨੂੰ ਅੱਗ ਲੱਗ ਜਾਂਦੀ ਹੈ ਅਤੇ ਇਹ ਅੱਗ ਆਪਣੇ ਭਾਂਬੜਾਂ ਨਾਲ ਸਭ ਕੁੱਝ ਭਸਮ ਕਰ ਦਿੰਦੀ ਹੈ, ਫੇਰ ਵੀ ਕਿਤੇ ਨਾ ਕਿਤੇ ਕਿਸੇ ਲੁਕੀ ਛੁਪੀ ਥਾਂ ਉਤੇ ਕੋਈ ਬਿਰਖ ਹਰਾ ਵੀ ਰਹਿ ਜਾਂਦਾ ਹੈ ਅਤੇ ਇਸੇ ਬਿਰਖ ਨੇ ਅਗਾਂਹ ਵਧ ਫੁਲਕੇ ਸਾਰੇ ਜੰਗਲ ਨੂੰ ਇਕ ਵਾਰ ਫੇਰ ਹਰਿਆ ਭਰਿਆ ਕਰਨਾ ਹੁੰਦਾ ਹੈ—ਸਾਰੇ ਜੰਗਲ ਦੀ ਇਸੇ ਬਿਰਖ ਉਤੇ ਆਸ ਬੱਝੀ ਹੋਈ ਹੁੰਦੀ ਹੈ। ਪਲਸ ਮੰਚ ਵਰਗੀਆਂ ਸੰਸਥਾਵਾਂ ਅਤੇ ਤੁਹਾਡੇ ਵਰਗੇ ਵਿਅਕਤੀ ਵੀ ਇਸ ਬਿਰਖ ਵਾਂਗ ਹਨ ਜਿਨ੍ਹਾਂ ਨੇ ਸਮੇਂ ਦੇ ਹਾਕਮਾਂ, ਫਿਰਕੂ ਜਨੂੰਨੀਆਂ ਅਤੇ ਵਿਦੇਸ਼ੀ ਏਜੰਸੀਆਂ ਵਲੋਂ ਹਰ ਪਾਸੇ ਫੈਲਾਈ ਹਫੜਾ ਦਫੜੀ, ਫਿਰਕੂ ਨਫ਼ਰਤ ਅਤੇ ਦਹਿਸ਼ਤ ਨਾਲ ਗੰਧਲਾਏ ਵਾਤਾਵਰਣ ਵਿਚੋਂ ਵੀ ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨਾ ਹੈ ਅਤੇ ਆਪਣੇ ਮਿਹਨਤੀ ਲੋਕਾਂ ਵਿਚ ਸਵੈ-ਵਿਸ਼ਵਾਸ, ਸੁਰਖਿਆ ਅਤੇ

ਆਪਸੀ ਹਮਦਰਦੀ ਦੀ ਭਾਵਨਾ ਬਹਾਲ ਕਰਨੀ ਹੈ। ਭਲਾ ਕਿਹੜਾ ਵਿਅਕਤੀ ਤੁਹਾਡੇ ਇਨ੍ਹਾਂ ਸ਼ਬਦਾਂ ਤੋਂ ਪ੍ਰਭਾਵਤ ਹੋਏ ਬਿਨਾਂ ਰਹਿ ਸਕਦਾ ਹੈ 'ਸਾਡੇ ਸਾਥੀਆਂ ਦੇ ਮਨਾਂ ਵਿਚ ਇਹੀ ਸਵਾਲ ਸੀ ਕਿ ਕੀ ਇਸ ਵਾਤਾਵਰਣ ਵਿਚ ਅਸੀਂ ਆਪਣੇ ਲੋਕਾਂ ਨੂੰ ਕੋਈ ਵੀ ਬਦਲ ਨਹੀਂ ਦੇ ਸਕਦੇ ? ਕੀ ਉਹ ਕਾਂਗਰਸੀ ਢੰਭੀਆਂ ਅਤੇ ਫਿਰਕੂ ਜਨੂੰਨੀਆਂ ਦੇ ਗਧੀ ਗੇੜ ਵਿਚ ਹੀ ਪਏ ਰਹਿਣਗੇ ? ਕੀ ਅਸੀਂ ਕੁਝ ਨਹੀਂ ਕਰ ਸਕਦੇ ? ਇਹਦਾ ਜਵਾਬ ਸਪਸ਼ਟ ਸੀ ਕਿ ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਅਸੀਂ ਥੋੜੇ ਨਹੀਂ ਹਾਂ, ਸਾਨੂੰ ਆਪਣੇ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਧਾਰਮਕ ਲੋਕਾਂ ਕੋਲ ਧਾਰਮਕ ਸਥਾਨ ਹਨ, ਉਥੇ ਉਹ ਕਿਸੇ ਨਾ ਕਿਸੇ ਤਿਓਹਾਰ ਜਾਂ ਗੁਰਪੁਰਬ ਦੇ ਪੱਜ ਇਕੱਠੇ ਹੋ ਜਾਂਦੇ ਹਨ ਅਤੇ ਆਪਣੀ ਫਿਰਕੂ ਜ਼ਹਿਰ ਨੂੰ ਆਸਾਨੀ ਨਾਲ ਲੋਕਾਂ ਤਕ ਪਹੁੰਚਾ ਦਿੰਦੇ ਹਨ। ਇਸੇ ਤਰ੍ਹਾਂ ਸਰਕਾਰ ਆਪਣੇ ਪੈਸੇ ਦੇ ਜ਼ੋਰ ਜਾਂ ਸਰਕਾਰੀ ਮਸ਼ੀਨਰੀ ਵਰਤਕੇ ਆਪਣੇ ਵੱਡੇ ਇਕੱਠ ਕਰ ਲੈਂਦੇ ਹਨ ਅਤੇ ਆਪਣੀ ਝੂਠ ਦੀ ਸਿਆਸਤ ਸਾਧਾਰਣ ਲੋਕਾਂ ਤਕ ਲੈ ਜਾਂਦੇ ਹਨ ਸੋ ਇਸ ਸਮਾਗਮ ਦੀ ਵੱਡੀ ਸਫਲਤਾ ਨੇ ਸਾਨੂੰ ਇਕ ਨਵਾਂ ਵਿਸ਼ਵਾਸ ਦਿੱਤਾ ਹੈ ਕਿ ਅਸੀਂ ਖਬੀ ਧਿਰ ਵਾਲੇ ਸ਼ਕਤੀਸ਼ਾਲੀ ਫਲਸਫੇ ਦੇ ਮਾਲਕ ਹਾਂ। ਸਾਡੀਆਂ ਆਪਣੀਆਂ ਲੋਕ-ਪਖੀ ਸਭਿਆਚਾਰਕ ਕਦਰਾਂ ਕੀਮਤਾਂ ਹਨ। ਲੋਕ-ਦੋਖੀ ਸਭਿਆਚਾਰ ਦੇ ਚੈਲੰਜ ਨੂੰ ਅਸੀਂ ਕਬੂਲਣਾ ਹੈ ਅਤੇ ਉੱਚੀ ਸੁੱਚੀ ਕਲਾ ਨਾਲ ਇਹਦਾ ਮੁਕਾਬਲਾ ਕਰਨਾ ਹੈ।'

ਇਹੋ ਜਿਹੇ ਗੰਭੀਰ ਸਵਾਲ ਅਤੇ ਚੁਨੌਤੀਆਂ ਕਿਸੇ ਸਭਿਅਕ ਅਤੇ ਤਰਕਵਾਦੀ ਵਿਅਕਤੀ ਦੇ ਮਨ ਵਿਚ ਉਸ ਸਮੇਂ ਪੈਦਾ ਹੁੰਦੇ ਹਨ ਜਦੋਂ ਉਹਦਾ ਸਭਿਆਚਾਰ, ਮਾਂ ਬੋਲੀ, ਸਾਹਿਤ ਅਤੇ ਮੁਢਲੇ ਮਨੁਖੀ ਹੱਕ ਖਤਰੇ ਵਿਚ ਪੈ ਗਏ ਹੋਣ। ਕਿਸੇ ਹਿੰਦੂ ਸਿਖ ਜਾਂ ਮੁਸਲਮਾਨ ਜਨੂੰਨੀ ਦੇ ਮਨ ਵਿਚ ਅਜੇਹੇ ਪ੍ਰਸ਼ਨ ਕਦੇ ਨਹੀਂ ਉਠ ਸਕਦੇ। ਅਜ ਧਰਮਾਂ ਜਾਤਾਂ ਅਤੇ ਫਿਰਕਿਆਂ ਦੇ ਬੋਲਬਾਲੇ ਨੇ ਸਾਡੀ ਪਿਆਰੀ ਮਾਂ ਬੋਲੀ, ਸਭਿਆਚਾਰ ਅਤੇ ਸਾਹਿਤ ਦੇ ਵਿਕਾਸ ਨੂੰ ਗੰਭੀਰ ਸੰਕਟ ਵਿਚ ਪਾ ਦਿੱਤਾ ਹੈ। ਪੰਜਾਬ ਦੇ ਲੋਕਾਂ ਨੇ ਤਾਂ ਪਹਿਲਾਂ ਹੀ 1947 ਵਿਚ ਹੀ ਪੰਜਾਬ ਦੀ ਵੰਡ ਦਾ ਗਹਿਰਾ ਸੰਤਾਪ ਭੋਗਿਆ ਹੈ ਜਦੋਂ ਬਰਤਾਨਵੀ ਹਾਕਮਾਂ ਅਤੇ ਭਾਰਤ ਦੇ ਮੌਕਾਪ੍ਰਸਤ, ਮੱਕਾਰ ਲੀਡਰਾਂ ਨਹਿਰੂ, ਗਾਂਧੀ ਅਤੇ ਜਿਨਾਹ ਦੀ ਮਿਲੀਭੁਗਤ ਨੇ ਉਨ੍ਹਾਂ ਦੇ ਜਿਗਰ ਦਾ ਇਕ ਵੱਡਾ ਟੁਕੜਾ ਕੱਟਕੇ ਅਲੱਗ ਕਰ ਦਿੱਤਾ ਸੀ—ਯਾਦ ਰਹੇ ਲਗ ਭਗ ਸਾਢੇ ਤਿੰਨ ਕਰੋੜ ਪੰਜਾਬੀ ਇਸ ਵੇਲੇ ਪਾਕਿਸਤਾਨ ਵਿਚ ਵਸੇ ਹੋਏ ਹਨ। ਪੰਜਾਬ ਦੀ ਫਿਜ਼ਾ ਅੰਦਰ ਫੈਲੀ ਫਿਰਕਾਪ੍ਰਸਤੀ ਅਤੇ ਧਾਰਮਕ ਜਨੂੰਨ ਬਾਰੇ ਹੋਰ ਸਪਸ਼ਟ ਹੋਣ ਲਈ ਆਉ ਇਤਿਹਾਸ ਦੇ ਪਿਛੋਕੜ ਉਤੇ ਸੰਖੇਪ ਝਾਤ ਮਾਰੀਏ : ਇਹ ਹਵਾਲਾ ਮੈਂ ਇਕ ਸਮਕਾਲੀ ਪੱਤ੍ਰਕਾ ਵਿਚੋਂ ਦੇ ਰਿਹਾ ਹਾਂ।

'ਜਿਸ ਹਾਲਤ ਦਾ ਅੱਜ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਇਸਦੀ ਜੜ੍ਹ ਅਸਲ ਵਿਚ 1940-45 ਦੌਰਾਨ ਹੀ ਲਾ ਦਿੱਤੀ ਗਈ ਸੀ। ਇਸ ਜੜ੍ਹ ਨੂੰ ਪਾਣੀ ਲਾਉਣ ਵਾਲੇ ਦੇਸੀ ਅਤੇ ਵਿਦੇਸ਼ੀ ਲੁਟੇਰਿਆਂ ਦਾ ਸਾਥ ਦੇਣ ਵਾਲੀ ਭਾਰਤੀ ਕਮਿਊਨਿਸਟ ਪਾਰਟੀ ਵੀ ਸੀ। ਬਰਤਾਨਵੀ ਸਾਮਰਾਜ ਨੇ ਭਾਰਤ ਦੇ ਕੌਮੀ ਗੱਦਾਰਾਂ ਨਾਲ ਇਕ ਅਜੇਹੇ ਸਮਝੌਤੇ ਤੇ ਦਸਖਤ ਕਰਵਾਏ ਜਿਸ ਨੂੰ ਜਾਣਕੇ ਅਜ ਹਰ ਸੂਝਵਾਨ ਵਿਅਕਤੀ ਇਹ ਸਮਝ ਸਕਦਾ ਹੈ ਕਿ ਮਸਲੇ ਦੀ ਜੜ੍ਹ ਕਿਥੇ ਹੈ। ਕਾਂਗਰਸ ਮੁਸਲਮ ਲੀਗ, ਅਕਾਲੀ ਪਾਰਟੀ ਅਤੇ ਹਿੰਦੂ ਮਹਾਂ ਸੰਘ ਵਾਲਿਆਂ ਨੇ ਬਰਤਾਨਵੀ ਸਾਮਰਾਜ ਦੁਆਰਾ ਤੈਅ ਕੀਤੀਆਂ ਇਹ ਸ਼ਰਤਾਂ ਮੰਨੀਆਂ ਹੀ ਨਹੀਂ ਸਗੋਂ ਇਨ੍ਹਾਂ ਤੇ ਵਫਾਦਾਰੀ ਨਾਲ ਅਮਲ ਕਰਨ ਦਾ ਬਚਨ ਵੀ ਦਿਤਾ (ਇਥੇ ਕੁਝ ਮਹੱਤਵਪੂਰਣ ਸ਼ਰਤਾਂ ਹੀ ਦਿਤੀਆਂ ਜਾ ਰਹੀਆਂ ਹਨ, ਸਾਰੀਆਂ ਨਹੀਂ,ਇਹ ਕੁਲ ਬਾਰਾਂ ਸ਼ਰਤਾਂ ਸਨ :—

1. ਸਾਮਰਾਜ ਦਾ ਭਾਰਤ ਵਿਚ ਲਗਾ ਸਰਮਾਇਆ ਜ਼ਬਤ ਨਹੀਂ ਕੀਤਾ ਜਾਵੇਗਾ। 2. ਭਾਰਤ ਵਿਚ ਰਜਵਾੜਾ ਸ਼ਾਹੀ ਪ੍ਰਬੰਧ ਜਿਓਂ ਦਾ ਤਿਓਂ ਕਾਇਮ ਰਹੇਗਾ। 3. ਕਾਂਗਰਸ ਆਪਣਾ ਅਸਰ ਰਸੂਖ ਵਰਤਕੇ ਸਾਮਰਾਜੀ ਵਿਰੋਧੀ ਉਭਾਰ ਨੂੰ ਠੰਡਾ ਕਰਕੇ ਇਨਕਲਾਬੀ ਤਾਕਤਾਂ ਨੂੰ ਖੋਰੂੰ ਖੋਰੂੰ ਕਰਨ ਅਤੇ ਦਬਾਉਣ ਲਈ ਮੂਹਰੇ ਲਗੇਗੀ। 4. ਹਿੰਦੁਸਤਾਨ ਬਰਤਾਨਵੀ ਸਲਤਨਤ ਦੇ ਘੇਰੇ ਵਿਚ (ਕਾਮਨਵੈਲਥ ਦਾ ਮੈਂਬਰ ਰਹੇਗਾ। 5. ਮੁਸਲਮ ਲੀਗ ਦੀ ਮੰਗ ਅਨੁਸਾਰ ਭਾਰਤ ਨੂੰ ਵੰਡ ਦਿਤਾ ਜਾਵੇਗਾ।

ਇਸ ਤਰ੍ਹਾਂ ਭਾਰਤ ਦੀ ਧਰਤੀ ਤੇ ਫਿਰਕੂ ਅਧਾਰ ਤੇ ਪੰਜਾਬ ਅਤੇ ਬੰਗਾਲ ਨੂੰ ਦੋਫਾੜ ਕਰਨ ਅਤੇ ਇਸ ਕ੍ਰਮ ਨੂੰ ਨੇਪਰੇ ਚਾੜ੍ਹਨ ਲਈ ਹਜ਼ਾਰਾਂ ਬੇਗੁਨਾਹ ਲੋਕਾਂ ਦੇ ਕਤਲ ਕਰਨ ਲਈ ਸਕੀਮ ਤਿਆਰ ਕੀਤੀ ਗਈ। ਇਥੇ ਇਕ ਪਾਸੇ ਤਾਂ ਭਾਰਤ ਦੇ ਲੁਟੇਰੇ ਹਾਕਮ ਆਜ਼ਾਦੀ ਦੇ ਜਸ਼ਨ ਮਨਾਉਣ ਵਿਚ ਜੁਟੇ ਹੋਏ ਸਨ ਅਤੇ ਦੂਸਰੇ ਪਾਸੇ ਪੰਜਾਬ ਦੀ ਧਰਤੀ ਬੇਗੁਨਾਹਾਂ ਦੇ ਖੂਨ ਨਾਲ ਰੰਗੀ ਜਾ ਰਹੀ ਸੀ। ਬਰਤਾਨਵੀ ਸਾਮਰਾਜੀਆਂ ਲਈ ਇਹ ਦੋਵੇਂ ਸੂਬੇ ਹੀ ਮੁਖ ਅੜਿਕਾ ਸਨ ਅਤੇ ਇਨ੍ਹਾਂ ਦੋਨਾਂ ਸੂਬਿਆਂ ਵਿਚ ਪੈਦਾ ਹੋਏ ਮਹਾਨ ਸਪੂਤਾਂ ਨੇ ਹੀ ਕੌਮੀ ਮੁਕਤੀ ਯੁੱਧ ਦੌਰਾਨ ਆਗੂ ਰੋਲ ਨਿਭਾਇਆ ਸੀ। ਬਰਤਾਨਵੀ

ਹਾਕਮਾਂ ਨੇ ਆਪਣੇ ਲੰਬੇ ਤਜਰਬੇ ਵਿਚੋਂ ਇਹ ਸਿਖ ਲਿਆ ਸੀ ਕਿ ਪੰਜਾਬ ਦੇ ਲੋਕਾਂ ਦੀ ਉਸ ਪ੍ਰਤੀ ਵਫਾਦਾਰੀ ਕਦੇ ਵੀ ਨਹੀਂ ਰਹੀ ਅਤੇ ਅਗਾਂਹ ਤੋਂ ਵੀ ਅਜੇਹਾ ਹੋਣ ਦੀ ਗੁੰਜਾਇਸ਼ ਬਹੁਤ ਘੱਟ ਹੈ ਭਾਵੇਂ ਕਿ ਉਨ੍ਹਾਂ ਨੇ ਸਿੱਖ ਧਰਮ ਦੇ ਕੱਟੜ ਅਨੁਆਈਆਂ, ਅਕਾਲੀ ਪਾਰਟੀ ਦੇ ਆਗੂਆਂ (ਜਿਜ ਉਪਰ ਪਹਿਲਾਂ ਤੋਂ ਹੀ ਸਿਖ ਜਗੀਰ-ਦਾਰਾਂ ਦਾ ਕਬਜ਼ਾ ਰਿਹਾ ਹੈ) ਅਤੇ ਹੋਰ ਸਾਧਾਂ ਮਹੰਤਾਂ ਨੂੰ ਵੀ ਖਰੀਦ ਲਿਆ ਸੀ। ਬਰਤਾਨਵੀ ਹਾਕਮਾਂ ਨੇ ਪੰਜਾਬ ਨੂੰ ਕਦੇ ਵੀ ਇਕ-ਮੁਠ ਤੇ ਸੰਗਠਤ ਨਹੀਂ ਸੀ ਹੋਣ ਦਿਤਾ। ...ਰਣਜੀਤ ਸਿੰਘ ਦੀ ਮੌਤ ਪਿਛੋਂ ਅੰਗਰੇਜ਼ਾਂ ਨੇ ਸਾਰੇ ਪੰਜਾਬ ਨੂੰ ਹੀ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਸਮੇਂ ਦੀ ਪੰਜਾਬ ਦੀ ਵੰਡ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਹਾਕਮਾਂ ਦਾ ਪੰਜਾਬ ਨੂੰ ਵੰਡਕੇ ਰਖਣ ਦਾ ਮੁਖ ਮੰਤਵ ਇਸਦੀ ਤਾਕਤ ਅਤੇ ਸਭਿਆਚਾਰ ਨੂੰ ਕਮਜ਼ੋਰ ਕਰਨਾ ਹੀ ਸੀ...ਬਰਤਾਨਵੀ ਹਾਕਮਾਂ ਨੇ ਆਪਣੀ ਪੁਰਾਣੀ ਨੀਤੀ ਨੂੰ ਹੀ ਮੁੜ ਲਾਗੂ ਕੀਤਾ, ਉਨ੍ਹਾਂ ਨੂੰ ਡਰ ਸੀ ਕਿ ਬਰਤਾਨਵੀ ਦੀ ਸਿੱਧੀ ਦਖਲ ਅੰਦਾਜ਼ੀ ਦੇ ਖਤਮ ਹੋ ਜਾਣ ਨਾਲ ਪੰਜਾਬ ਇਕ ਵਾਰ ਫੇਰ ਸਿਰਦਰਦੀ ਬਣ ਸਕਦਾ ਹੈ।

ਇਥੇ ਸੁਆਲ ਉਠਦਾ ਹੈ ਕਿ ਜਦੋਂ ਪੰਜਾਬ ਦੇ ਟੁਕੜੇ ਟੁਕੜੇ ਕੀਤੇ ਗਏ ਜਦੋਂ ਪੰਜਾਬ ਦੀ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਰਾਜਧਾਨੀ ਲਹੌਰ ਅਤੇ ਹਿਸਦੇ ਵਡੇ ਹਿੱਸੇ ਨੂੰ ਪਾਕਿਸਤਾਨ ਵਿਚ ਸ਼ਾਮਲ ਕੀਤਾ ਜਾਣ ਲੱਗਾ ਤੇ ਜਦੋਂ ਅਸਲ ਵਿਚ ਫਿਰਕੂ ਅਧਾਰ ਤੇ ਦੇਸ਼ ਨੂੰ ਵੰਡਣ ਦੀ ਗਲ ਚੱਲੀ ਤਾਂ ਵਡੇ 'ਪੰਜਾਬ ਹਿਤੂ' ਪੰਜਾਬੀ ਨੂੰ ਪਿਆਰਨ ਅਤੇ ਪ੍ਰਫੁਲਤ ਕਰਨ' ਦੇ ਚਾਹਵਾਨ ਅਕਾਲੀ ਕੀ ਕਰ ਰਹੇ ਸਨ। ਕੀ ਪੰਜਾਬ ਵਿਚ ਹੋਏ ਕਤਲਾਂ ਸਮੇਂ ਇਨ੍ਹਾਂ ਕੋਈ ਆਹ ਦਾ ਨਾਹਰਾ ਮਾਰਿਆ ? ਨਹੀਂ, ਇਨ੍ਹਾਂ ਨੂੰ ਤਾਂ ਉਸ ਸਮੇਂ ਸੱਤਾ ਦਾ ਚਾਅ ਇਸ ਪੱਧਰ ਤਕ ਚੜ੍ਹਿਆ ਹੋਇਆ ਸੀ ਕਿ ਇਹ ਪੰਜਾਬ ਨੂੰ ਜਲਦੀ ਤੋਂ ਜਲਦੀ ਵੰਡਣ ਲਈ ਬਰਤਾਨਵੀ ਹਕੂਮਤ ਦਾ ਸਾਥ ਦੇ ਰਹੇ ਸਨ। ਅਕਾਲੀ ਅਤੇ ਮੁਸਲਿਮ ਲੀਗੀਏ ਆਗੂ ਸਭ ਤੋਂ ਅਗਾਂਹ ਹੋ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦ ਕੋਸ਼ਸ਼ ਵਿਚ ਸਨ। ਮਾਸਟਰ ਤਾਰਾ ਸਿੰਘ ਨੇ ਉਸ ਸਮੇਂ ਸਿਖ ਹੋਮਲੈਂਡ ਕਾਇਮ ਕਰਨ ਦੀ ਸਕੀਮ ਬਣਾਈ ਸੀ ਅਤੇ ਉਸ ਸਮੇਂ ਫੈਸਲਾ ਇਸ ਗਲ ਦਾ ਕਰਨਾ ਬਾਕੀ ਸੀ ਕਿ ਰਿਹਾ ਕਿਸ ਨਾਲ ਜਾਵੇ (ਪਾਕਿਸਤਾਨ ਨਾਲ ਜਾਂ ਹਿੰਦੁਸਤਾਨ ਨਾਲ) ਤੇ ਪਿਛੋਂ ਜਾ ਕੇ ਕਾਂਗਰਸ ਅੰਦਰਲੇ ਸਿਖਾਂ ਜਿਨ੍ਹਾਂ ਦਾ ਆਗੂ ਬਲਦੇਵ ਸਿੰਘ ਸੀ, ਵਲੋਂ ਸਾਥ ਨਾ ਦੇਣ ਤੇ ਇਹ ਸਕੀਮ ਕਾਮਯਾਬ ਨਾ ਹੋ ਸਕੀ। ਬਲਦੇਵ ਸਿੰਘ ਨੂੰ ਕਾਂਗ੍ਰਸ ਦੀ ਹਕੂਮਤ ਵਿਚ ਮੰਤਰੀ ਦੀ ਕੁਰਸੀ ਨੇ ਭਾਰਤ ਨਾਲ ਜੁੜੇ ਰਹਿਣ ਲਈ ਉਕਸਾਇਆ ਤੇ ਪੰਜਾਬ ਜਿਸ ਬਾਰੇ ਅਜ ਹਾਲ ਪਾਰਿਆ ਕੀਤੀ ਜਾ ਰਹੀ ਹੈ—ਫਿਰਕੂ ਜਨੂੰਨ ਦੇ ਖੂਨੀ ਦੌਰ ਵਿਚ ਦਾਖਲ ਹੋ ਗਿਆ—ਹਜ਼ਾਰਾਂ ਵਰਿਆਂ ਦਾ ਭਾਈਚਾਰਾ, ਪੰਜਾਬੀ ਬੋਲਣ ਵਾਲੇ ਵਡੇ ਇਲਾਕੇ ਅਤੇ ਇਤਿਹਾਸਕ ਸ਼ਹਿਰ (ਲਹੌਰ) ਗਲ ਕੀ ਪੰਜਾਬ ਦਾ ਸਿਰ ਤੇ ਅੱਧਾ ਧੜ ਮੁਸਲਮਾਨਾਂ ਨੂੰ ਇਸ ਕਰਕੇ ਦੇ ਦਿਤਾਂ ਗਿਆ ਕਿਉਂ-ਕਿ ਉਨ੍ਹਾਂ ਨੂੰ ਧਰਮ ਤੇ ਜਾਤ ਦੇ ਆਧਾਰ ਤੇ ਆਪਣਾ ਦੇਸ਼ ਵਖਰਾ ਕਰਨ ਦਾ ਬਰਤਾਨਵੀ ਤੇ ਦੇਸੀ ਲੋਟੂਆਂ ਵਲੋਂ ਤੋਹਫਾ ਦਿਤਾ ਜਾਣਾ ਜ਼ਰੂਰੀ ਬਣ ਗਿਆ। ਇਥੇ ਇਹ ਗਲ ਵੀ ਨੋਟ ਕਰਨ ਵਾਲੀ ਹੈ ਕਿ ਪਾਕਿਸਤਾਨ ਤੇ ਭਾਰਤ ਬਨਾਉਣ ਲਈ ਮੰਗ ਨਾ ਹੀ ਮੁਸਲਮਾਨਾਂ ਦੀ ਸੀ ਨਾ ਹੀ ਹਿੰਦੂਆਂ ਅਤੇ ਸਿਖਾਂ ਦੀ। ਇਹ ਮੰਗ ਸੀ ਮੁਸਲਮਾਨ, ਸਿਖ ਅਤੇ ਹਿੰਦੂ ਆਗੂਆਂ ਦੀ ਜਿਨ੍ਹਾਂ ਨੂੰ ਉਸ ਸਮੇਂ ਸੱਤਾ ਚਾਹੀਦੀ ਸੀ ਹੋਰ ਕੁਝ ਨਹੀਂ ਅਤੇ ਇਹ ਲੋੜ ਸੀ ਬਰਤਾਨਵੀ ਹਕੂਮਤ ਦੀ ਜਿਨ੍ਹਾਂ ਨੂੰ ਆਪਣੇ ਹਿਤਾਂ ਦੀ ਸੁਰਖਿਆ ਦੀ ਸਭ ਤੋਂ ਵਧ ਲੋੜ ਸੀ। ਅਜ ਵੀ ਪੰਜਾਬ ਦੀਆਂ ਹਾਲਤਾਂ ਕੁਝ ਇਸੇ ਤਰ੍ਹਾਂ ਦੀਆਂ ਹਨ—ਖਾਲਿਸਤਾਨ ਪੰਜਾਬ ਦੇ ਸਾਰੇ ਸਿਖਾਂ ਦੀ ਮੰਗ ਕਦੇ ਨਹੀਂ ਸੀ ਅਤੇ ਨਾ ਹੀ ਅਜ ਹੈ—ਸਿਰਫ ਰਾਜ ਸੱਤਾ ਲਈ ਕੁਝ ਭੁਖੇ ਅਕਾਲੀ ਲੀਡਰ ਹੀ ਖਾਲਿਸਤਾਨ ਦੀ ਮੰਗ ਨੂੰ ਸਾਰੇ ਸਿਖਾਂ ਦੀ ਮੰਗ ਬਣਾਕੇ ਪੇਸ਼ ਕਰ ਰਹੇ ਹਨ। ਇਸ ਫਿਰਕੂ ਮੰਗ ਲਈ ਕਿਸੇ ਵੀ ਕਿਸਮ ਦਾ ਅੰਦੋਲਨ ਅਤੇ ਸੰਘਰਸ਼ ਪੰਜਾਬੀ ਲੋਕਾਂ ਦੇ ਭਾਈਚਾਰੇ, ਸਭਿਆਚਾਰ, ਸਾਹਿਤ ਅਤੇ ਮਾਂ ਬੋਲੀ ਨੂੰ ਲੈ ਡੁਬੇਗਾ—ਇਹ ਗੱਲ ਯਕੀਨੀ ਹੈ, ਇਹ ਪੱਥਰ ਉਤੇ ਲੀਕ ਹੈ।—

ਇਸ ਅੰਕ ਦੇ ਅਖੀਰ ਵਿਚ ਯੁਵਰਾਜ ਸਿੰਘ ਰਤਨ ਅਤੇ ਨੂਰ ਸੰਤੋਖਪੁਰੀ ਦੀ ਕਹਾਣੀਆਂ ਵੀ ਬੜੇ ਸਰਲ ਅਤੇ ਸਪਸ਼ਟ ਢੰਗਾਂ ਨਾਲ ਸਮਕਾਲੀ, ਯਥਾਰਥ ਦੇ ਕੁਝ ਅਹਿਮ ਪੱਖਾਂ ਤੇ ਚਾਨਣਾ ਪਾਉਂਦੀਆਂ ਹਨ—'ਟੁਕੜਬੋਚ' ਕਹਾਣੀ ਵਿਚ ਮਧ ਵਰਗ ਦਾ ਭਾਂਜਵਾਦੀ ਚਰਿਤਰ ਪੇਸ਼ ਕੀਤਾ ਗਿਆ ਹੈ, ਇਸੇ ਤਰ੍ਹਾਂ 'ਫਲ ਬਨਾਮ ਹੱਕ' ਕਹਾਣੀ ਵਿਚ ਕਿਰਤੀ ਸ਼ਰੇਣੀ ਨੂੰ ਹੱਕ ਦੀ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਮਨੋਵਿਗਿਆਨਕ ਢੰਗ ਨਾਲ ਦਿਤਾ ਗਿਆ ਹੈ।

ਰਜੀਵ ਗਾਂਧੀ ਨੂੰ ਲਿਖੀ ਗਈ ਤੁਹਾਡੀ ਖੁਲ੍ਹੀ ਚਿਠੀ ਵੀ ਬੜੀ ਕਮਾਲ ਐ। ਸਾਥੀਆਂ ਨੇ ਤੁਹਾਡੀ ਜੁਅਰਤ ਅਤੇ ਸਾਫਗੋਈ ਦੀ ਬੜੀ ਪ੍ਰਸ਼ੰਸਾ ਕੀਤੀ ਹੈ।

—ਗੁਰਬਖਸ਼ ਜੱਸ

o

## 1. ਇਨਸਾਫ਼ ਦੇ ਤੁਰ੍ਹਾਜ਼ੂ ਵਿਚ ਪਾਸਕੂ ਅਤੇ ਵਿਸ਼ੇਸ਼ ਅਦਾਲਤਾਂ ਦਾ ਦੰਭ / ਮੇਘਾ ਸਿੰਘ ਸ਼ੇਰ ਗਿਲ

**ਇਨਸਾਫ਼ ਦਾ ਸੂਰਪ ਤੇ ਅਜੋਕੀ ਹਾਲਤ :** ਸਾਡੇ ਦੇਸ਼ ਦੀ ਵਰਤਮਾਨ ਨਿਆਂ ਪ੍ਰਣਾਲੀ ਅੰਗਰੇਜ਼ੀ ਸਾਮਰਾਜ ਦੀ ਦੇਣ ਹੈ। ਇਸ ਨਿਆਂ ਪ੍ਰਣਾਲੀ ਨੂੰ ਅੰਗਰੇਜ਼ਾਂ ਨੇ ਆਪਣੀਆਂ ਸਾਮਰਾਜੀ ਲੋੜਾਂ ਤੇ ਮਨੁੱਖੀ ਮਿਹਨਤ ਦੀ ਲੁੱਟ-ਖਸੁੱਟ ਲਈ ਅਤੇ ਆਪਣੇ ਹਿਤਾਂ ਅਨੁਸਾਰ ਲੋੜੀਂਦੇ ਸਮਾਜਿਕ ਆਰਥਿਕ ਪ੍ਰਬੰਧ ਲਈ ਸਿਰਜਿਆ ਸੀ ਅਤੇ ਉਹ ਸਮੇਂ ਸਮੇਂ ਲੋੜ ਅਨੁਸਾਰ ਆਪਣਾ ਰਾਜ ਕਾਇਮ ਰਖਣ ਲਈ ਇਸ ਵਿਚ ਤਬਦੀਲੀਆਂ ਕਰਦੇ ਰਹਿੰਦੇ ਸਨ। ਅੱਜ ਅੰਗਰੇਜ਼ ਚਲੇ ਜਾਣ ਦੇ 38 ਸਾਲ ਪਿਛੋਂ ਵੀ ਭਾਰਤੀ ਨਿਆਂ ਪ੍ਰਣਾਲੀ ਉਸੇ ਅਧਾਰਸ਼ਿਲਾਂ ਤੇ ਚਲਦੀ ਆ ਰਹੀ ਹੈ। ਸਾਡੇ ਸਾਹਮਣੇ ਹੈ ਕਿ ਕਿਵੇਂ ਪਿਛਲੇ ਸਾਲਾਂ ਤੋਂ ਸਰਕਾਰ ਦੁਆਰਾ ਆਪਣਾ 'ਦਾਬਾ' ਕਾਇਮ ਰੱਖਣ ਤੇ ਲੋਕ ਹਿਤੂ ਅਵਾਜ਼ ਦੀ ਸੰਘੀ ਨੱਪਣ ਲਈ ਮੀਸਾ, ਅਸੈਮਾ (ਜ਼ਰੂਰੀ ਸੇਵਾਵਾਂ ਐਕਟ), ਡਿਸਟਰਬਡਏਰੀਆ ਤੇ ਹੋਰ ਅਜਿਹੇ ਆਰਡੀਨੈਂਸ ਜਿਹੀਆਂ ਸੋਧਾਂ ਕਰਕੇ ਇਨਸਾਫ ਨੂੰ ਬੌਦਾ (ਥੋਥਾ) ਕੀਤਾ ਜਾ ਰਿਹਾ ਹੈ। 'ਵਿਸ਼ੇਸ਼ ਅਦਾਲਤਾਂ' ਦਾ ਤੋਹਫ਼ਾ ਵੀ ਇਸੇ ਲੜੀ ਦਾ ਹੀ ਇਕ ਹਿੱਸਾ ਹੈ। ਇਸ ਦੇ ਨਾਲ ਨਾਲ ਇਨਸਾਫ਼ ਦੇ ਅਦਾਰਿਆਂ ਦੇ ਕਾਰਜ, ਰਸਮੀ ਨਿਰਪੱਖਤਾ ਅਤੇ ਸਰਵਉਚਤਾ ਨੂੰ ਨਕਾਰਨ ਦਾ ਲੰਮਾ ਅਮਲ ਵੀ ਸਾਡੇ ਸਾਹਮਣੇ ਹੈ ਕਿ ਕਿਵੇਂ ਸਰਕਾਰੀ ਦਬਾਅ ਹੇਠ ਮਹੱਤਵਪੂਰਨ ਫੈਸਲੇ, ਜੱਜਾਂ ਦੀਆਂ ਨਿਯੁੱਕਤੀਆਂ ਤੇ ਬਦਲੀਆਂ ਪਿਛਲੇ ਕੁਝ ਸਮੇਂ ਤੋਂ ਹੁੰਦੀਆਂ ਆ ਰਹੀਆਂ ਹਨ।

**ਜਸਟਿਸ ਵੀ. ਕੇ. ਕ੍ਰਿਸ਼ਨਾ ਆਇਰ, ਜਸਟਿਸ ਚੰਦਰਚੂੜ ਤੇ ਜਸਟਿਸ ਚਿਨੱਪਾ ਰੈਡੀ ਦੇ ਵਿਚਾਰ :** ਇਸੇ ਸੰਦਰਭ ਵਿਚ ਪ੍ਰਸਿਧ ਕਾਨੂੰਨਦਾਨ ਤੇ ਜਸਟਿਸ ਵੀ. ਕੇ. ਕ੍ਰਿਸ਼ਨਾ ਆਇਰ ਨੇ 14-11-82 ਨੂੰ ਲੁਧਿਆਣੇ ਬੋਲਦਿਆਂ ਕਿਹਾ ਸੀ ਕਿ ਦੇਸ਼ ਦੀ ਨਿਆਂ ਪ੍ਰਣਾਲੀ ਲੋਕਾਂ ਵਿਰੁਧ ਸਾਜ਼ਸ਼ ਹੈ ਕਿਉਂਕਿ ਕੁਝ ਮੁੱਠੀ ਭਰ ਘਰਾਣਿਆਂ ਨੇ ਨਿਆਂ ਪਾਲਕਾ ਤੇ 'ਸਰਕਾਰ' ਨੂੰ ਆਪਣੇ ਹਿਤ ਪੂਰਨ ਲਈ ਗਹਿਣੇ ਲੈ ਰਖਿਆ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਵਾਈ. ਵੀ. ਚੰਦਰਚੂੜ ਨੇ ਦਿੱਲੀ ਵਿਖੇ ਹੋਈ ਇਕ ਗੋਸ਼ਟੀ ਵਿਚ ਸਮਾਜਿਕ ਨਿਆਂ ਦੀ ਗਤੀਸ਼ੀਲਤਾ ਬਾਰੇ ਬੋਲਦਿਆਂ ਕਿਹਾ ਸੀ ਕਿ ਭਾਰਤੀ ਕਾਨੂੰਨ ਜਾਗੀਰੂ ਤੇ ਨੁਕਸਦਾਰ ਹਨ ਅਤੇ ਮੌਜੂਦਾ ਅਮਲ ਦੌਰਾਨ ਸਮਾਜਿਕ ਨਿਆਂ ਦਾ ਘਾਣ ਹੋ ਰਿਹਾ ਹੈ। ਜਸਟਿਸ ਚਿਨੱਪਾ ਰੈਡੀ ਨੇ ਵੀ ਇਸੇ ਤਰ੍ਹਾਂ ਹੀ ਸਪੱਸ਼ਟ ਕਿਹਾ ਹੈ ਕਿ ਸਾਡੇ ਫ਼ੌਜਦਾਰੀ ਕਾਨੂੰਨ ਬੁਰਜੂਆ ਸੁਭਾਅ ਦੇ ਹਨ।

ਇਸੇ ਤਰ੍ਹਾਂ ਅਸੀਂ ਦੇਖ ਰਹੇ ਹਾਂ ਕਿ ਕਿਵੇਂ ਇਨਸਾਫ, ਅਮਨ, ਏਕਤਾ ਤੇ ਅਖੰਡਤਾ ਦੇ ਪਰਦੇ ਹੇਠ ਜ਼ਿੰਦਾ ਰਹਿਣ ਦਾ ਮੁੱਢਲਾ ਹੱਕ ਕੋਹਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਨਕਸਲਵਾਦ, ਅੱਤਵਾਦ, ਵੱਖਵਾਦ ਦੇ ਲੇਬਲ ਲਾ ਕੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਹਰ ਵਿਰੋਧੀ ਆਵਾਜ਼ ਨੂੰ ਬੰਦ ਕੀਤਾ ਜਾ ਰਿਹਾ ਹੈ ਅਤੇ ਹਾਲ ਵਿਚ ਹੀ ਦਿੱਲੀ, ਕਾਨਪੁਰ ਤੇ ਦੇਸ਼ ਦੇ ਦੂਜੇ ਹਿੱਸਿਆਂ ਵਿਚ ਹਾਕਮਾਂ ਨਾ ਸ਼ਹਿ ਤੇ ਹੋਇਆ ਦਰਿੰਦਗੀ ਦਾ ਨੰਗਾ ਨਾਚ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ। ਇਸੇ ਪ੍ਰਸੰਗ ਵਿਚ ਦੇਖਦਿਆਂ ਇਹ ਗੱਲ ਬੜੀ ਅਜੀਬ ਤੇ ਚਿੰਤਾਜਨਕ ਹੈ ਕਿ ਇਸ ਦੇਸ਼ ਵਿਚ ਦੋਸ਼ੀ, ਰਾਜਨੀਤਕ ਨੇਤਾ ਤੇ ਪੁਲਿਸ ਅਫਸਰ ਨਾਮਜ਼ਦ ਕਰਦੇ ਹਨ, ਨਿਆਂ ਪ੍ਰਣਾਲੀ ਨਹੀਂ। ਇਹ ਨੇਤਾਗਣ ਤੇ ਅਫਸਰ ਢਾਣੀ ਕਿਸੇ ਵੀ ਵੱਡੇ ਦੋਸ਼ੀ ਨੂੰ ਮੁਕਤ ਕਰ ਸਕਦੇ ਹਨ ਅਤੇ ਬੇਕਸੂਰ ਨੂੰ ਸਭ ਤੋਂ ਵੱਡਾ ਗੁਨਾਹਗਾਰ ਗਰਦਾਨ ਸਕਦੇ ਹਨ ਤੇ ਬਿਨਾਂ ਅਦਾਲਤ ਤੋਂ ਹੀ ਸਜ਼ਾਏ-ਮੌਤ ਵੀ ਸੁਣਾ ਸਕਦੇ ਹਨ (ਦਰਬਾਰ ਸਾਹਿਬ ਤੇ ਫੌਜੀ ਚੜ੍ਹਾਈ ਤੇ ਭਿੰਡਰਾਂ ਵਾਲੇ ਦੇ ਮਾਰੇ ਜਾਣ ਪਿਛੋਂ ਉਨ੍ਹਾਂ ਵਿਰੁਧ ਕੇਸ ਦਰਜ ਕਰਨਾ ਇਸ ਗੱਲ ਦੇ ਅਮਲ ਦਾ ਸਪਸ਼ਟ ਸਬੂਤ ਹੈ) ਇਹ ਕੈਸਾ ਇਨਸਾਫ ਹੋ ਰਿਹਾ ਹੈ? ਗੱਲ ਸੋਚਣ ਵਾਲੀ ਹੈ ?

### ਦੰਭ ਵਿਸ਼ੇਸ਼ ਅਦਾਲਤਾਂ ਦਾ

ਇਸੇ ਪ੍ਰਸੰਗ ਵਿਚ ਹੀ ਹਾਕਮ ਜਮਾਤ ਵਲੋਂ ਵਿਸ਼ੇਸ਼ ਅਦਾਲਤਾਂ ਘੜਨ ਦੇ ਚੰਦਰੇ ਮਨਸੂਬੇ ਦੀ ਸਮਝ ਪੈਂਦੀ ਹੈ। ਆਪਣੀ ਕਹੀ ਗੱਲ ਨੂੰ ਦਰੁਸਤ ਦਰਸਾਉਣ ਲਈ ਭਾਵ ਆਪਣੇ ਵਲੋਂ ਨਾਮਜ਼ਦ ਦੋਸ਼ੀਆਂ ਨੂੰ ਸੱਚਮੁੱਚ ਹੀ ਮੁਜਰਿਮ ਸਿੱਧ ਕਰਨ ਵਾਸਤੇ ਅਤੇ ਉਸ ਗੱਲ ਉਪਰ ਅਦਾਲਤੀ ਇਨਸਾਫ ਦੀ ਦੰਭੀ ਮੋਹਰ ਲਗਵਾਉਣ ਲਈ ਅਜਿਹੀਆਂ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਕੀਤੀ ਜਾਂਦੀ ਹੈ। ਅੰਗਰੇਜ਼ੀ ਰਾਜ ਸਮੇਂ ਸ਼ਹੀਦ ਭਗਤ ਸਿੰਘ ਹੁਰਾਂ ਲਈ ਵੀ ਅਜਿਹੀਆਂ ਅਦਾਲਤਾਂ ਹੀ ਕਾਇਮ ਕੀਤੀਆਂ ਗਈਆਂ ਸਨ।

### ਸਰੂਪ-ਵਿਸ਼ੇਸ਼ ਅਦਾਲਤਾਂ ਦਾ

ਵਿਸ਼ੇਸ਼ ਅਦਾਲਤਾਂ ਦਾ ਚੌਖਟਾ ਇਸ ਤਰ੍ਹਾਂ ਨਿਸ਼ਚਤ ਕੀਤਾ ਗਿਆ ਹੈ ਕਿ ਕੋਈ ਵੀ ਕਥਿਤ ਦੋਸ਼ੀ ਬਰੀ ਨਾ ਹੋ ਸਕੇ। ਆਪਣੇ ਵਕੀਲ ਰਾਹੀਂ ਸਫਾਈ ਨਾ ਪੇਸ਼ ਕਰ ਸਕੇ। ਉਸਦੇ ਮੁਦਈ ਉਸ ਤੱਕ ਪੁੱਜ ਨਾ ਸਕਣ।

ਕਾਰਵਾਈ ਤੇ ਜੱਜਾਂ ਦੇ ਨਾਂ ਤਕ ਗੁਪਤ ਰੱਖ ਕੇ ਉਹਨਾਂ ਦੇ ਢੌਂਗ ਤੇ ਪੂਰੀ ਤਰ੍ਹਾਂ ਪਰਦਾ ਪਾਇਆ ਜਾਵੇ ਤਾਂ ਕਿ ਕੋਈ ਜਮਹੂਰੀ ਵਿਅਕਤੀ ਜਾਂ ਸੰਸਥਾ ਜੱਜਾਂ ਦੀ ਜ਼ਾਤ ਤੇ ਖਾਸੇ ਬਾਰੇ ਆਵਾਜ਼ ਵੀ ਨਾ ਉਠਾ ਸਕੇ। ਇਹਨਾਂ ਮੰਤਵਾਂ ਨੂੰ ਪੂਰਦੀਆਂ ਵਰਤਮਾਨ ਵਿਸ਼ੇਸ਼ ਅਦਾਲਤਾਂ ਰਾਹੀਂ ਇਹ ਵਿਵਸਥਾ ਕੀਤੀ ਗਈ ਹੈ ਕਿ :

1, ਸਰਕਾਰ ਕਿਸੇ ਵੀ ਵਿਅਕਤੀ ਨੂੰ ਅੱਤਵਾਦੀ, ਵੱਖਵਾਦੀ ਮੁਲਜ਼ਮ ਕਹਿ ਕੇ ਉਸ ਨੂੰ ਜੇਲ੍ਹ ਤਾੜ ਕੇ ਦੇਸ਼ ਕਿਸੇ ਵੀ ਹਿੱਸੇ ਵਿਚ ਮੁਕੱਦਮਾ ਚਲਾ ਸਕਦੀ ਹੈ।

2. ਇਸਦੇ ਜੱਜਾਂ ਦੀ ਨਿਯੁਕਤੀ ਨਿਆਂਪਾਲਿਕਾ ਨਹੀਂ ਸਗੋਂ ਕੇਂਦਰੀ ਸਰਕਾਰ ਕਰੇਗੀ।

3. ਵਿਸ਼ੇਸ਼ ਅਦਾਲਤ ਜੇਲ੍ਹ, ਫੌਜੀ ਬੈਰਕਾਂ, ਇੰਟਰ-ਗੇਸ਼ਨ ਸੈਂਟਰਾਂ ਜਾਂ ਕਾਗਜ਼ਾਂ ਵਿਚ ਹੀ ਭਾਵ ਕਿਤੇ ਵੀ ਲਗ ਸਕਦੀ ਹੈ।

4. ਅਦਾਲਤੀ ਕਾਰਵਾਈ ਦੇ ਠੀਕ ਚਲਣ ਦਾ ਸਰਟੀਫੀਕੇਟ ਸੁਪਰੀਮ ਕੋਰਟ ਭਾਵ ਨਿਆਂਪਾਲਕਾਂ ਨੇ ਨਹੀਂ ਦੇਣਾ ਹੈ ਸਗੋਂ ਸਰਕਾਰੀ ਵਕੀਲ ਨੇ ਦੇਣਾ ਹੈ ਤੇ ਸਰਕਾਰੀ ਵਕੀਲ ਸਰਕਾਰ ਕਿਸੇ ਨੂੰ ਵੀ ਲਾ ਸਕਦੀ ਹੈ।

5. ਆਮ ਕੇਸਾਂ ਦੀ ਤਰ੍ਹਾਂ ਇਸਦੀ ਅਪੀਲ ਹਾਈ-ਕੋਰਟ ਵਿਚ ਨਹੀਂ ਹੋ ਸਕਦੀ, ਕੇਵਲ ਸੁਪਰੀਮ ਕੋਰਟ ਵਿਚ ਹੀ ਹੋ ਸਕਦੀ ਹੈ ਜਿਥੇ ਇਨਸਾਫ ਨੂੰ ਰੀਂਗਦੇ ਬੁਢਾਪੇ ਵਾਂਗ ਸਾਲਾਂ ਬੱਧੀ ਤਰਸਾ ਤਰਸਾ ਕੇ ਮਾਰਿਆ ਜਾਂਦਾ ਹੈ।

6. ਅਦਾਲਤ ਦੀ ਸਾਰੀ ਕਾਰਵਾਈ ਤੇ ਲੋੜ ਪੈਣ ਤੇ ਜੱਜਾਂ ਦੇ ਨਾਂ ਤੱਕ ਵੀ ਗੁੱਪਤ ਰੱਖੇ ਜਾਣ ਦੀ ਵਿਵਸਥਾ ਹੈ, ਕੇਵਲ ਫੈਸਲਾ ਭਾਵ ਸਜ਼ਾ ਹੀ ਸੁਣਾਈ ਜਾਵੇਗੀ।

ਅਜਿਹੀਆਂ ਧਾਰਾਵਾਂ ਵਾਲੀਆਂ ਅਦਾਲਤਾਂ ਤੋਂ ਕਿਹੜੇ ਇਨਸਾਫ ਦੀ ਝਾਕ ਰੱਖੀ ਜਾ ਸਕਦੀ ਹੈ? ਸਪਸ਼ੱਟ ਹੈ ਕਿ ਇਹਨਾਂ ਦੀ ਸਥਾਪਨਾ ਇਨਸਾਫ ਤੋਂ ਮੁਕਰਨ ਲਈ ਹੀ ਕੀਤੀ ਗਈ ਹੈ।

**ਵਿਸ਼ੇਸ਼ ਅਦਾਲਤਾਂ ਬਾਰੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਅਤੇ ਜਸਟਿਸ ਵੀ. ਕੇ. ਕ੍ਰਿਸ਼ਨਾ ਆਇਰ ਦੇ ਵਿਚਾਰ** : ਅਜਿਹੀਆਂ ਵਿਸ਼ੇਸ਼ ਅਦਾਲਤਾਂ ਬਾਰੇ 5 ਮਈ 1930 ਨੂੰ ਲਾਹੌਰ ਸਾਜ਼ਸ਼ ਕੇਸ ਵਿਚ ਲਾਹੌਰ ਹਾਈਕੋਰਟ ਦੇ ਸਪੈਸ਼ਲ ਟ੍ਰਿਬਿਊਨਲ ਦੇ ਸਾਹਮਣੇ ਬੋਲਦਿਆਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਮਹਾਂਵੀਰ ਸਿੰਘ ਅਤੇ ਡਾ: ਗਯਾ ਪ੍ਰਸ਼ਾਦ, ਜਤਿੰਦਰ ਨਾਥ ਸਨਿਆਲ, ਬੀ. ਕੇ. ਦੱਤ ਅਤੇ ਕੁੰਦਨ ਲਾਲ ਨੇ ਕਿਹਾ ਸੀ ਕਿ ਵਿਸ਼ੇਸ਼ ਅਦਾਲਤਾਂ ਇਨਸਾਫ ਤੋਂ ਇਨਕਾਰੀ ਹੁੰਦੀਆਂ ਹਨ। ਇਹਨਾਂ ਦੀ ਰਚਨਾ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਛੜਯੰਤਰ ਦੇ ਤੌਰ ਤੇ ਕੀਤੀ ਜਾਂਦੀ ਹੈ। ਇਹ ਇਨਸਾਫ ਦੇ ਬੁਰਕੇ ਵਿਚ ਨਿਰਦੋਸ਼ਾਂ ਨੂੰ ਦੋਸ਼ੀ ਸਿੱਧ ਕਰਕੇ ਤੇ ਸਜ਼ਾ ਦੇ ਕੇ ਸਾਮਰਾਜ ਦੇ ਹਿਤਾਂ ਦੀ ਰਾਖੀ ਕਰਦੀਆਂ ਹਨ। ਇਹਨਾਂ ਤੋਂ ਇਨਸਾਫ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ। ਇਸ ਲਈ ਅਸੀਂ ਵਿਸ਼ੇਸ਼ ਅਦਾਲਤਾਂ ਦੇ ਢੌਂਗ ਨੂੰ ਅਸਵੀਕਾਰ ਕਰਦੇ ਹਾਂ ਅਤੇ ਇਸ ਫਰੇਬ ਭਰੇ ਵਿਖਾਵੇ ਦਾ ਇਕ ਪੱਖ ਬਣਨ ਤੋਂ ਵੀ ਇਨਕਾਰੀ ਹਾਂ।

(ਹਵਾਲਾ ਲਾਹੌਰ ਸਾਜ਼ਸ਼ ਕੇਸ ਕਾਰਵਾਈ ਪੰਨਾ 21)

ਜਸਟਿਸ ਸ੍ਰੀ ਵੀ. ਕੇ. ਕ੍ਰਿਸ਼ਨਾ ਆਇਰ ਨੇ ਵੀ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਸਪੈਸ਼ਲ ਅਦਾਲਤਾਂ ਕਾਨੂੰਨੀ ਜਬਰ ਦਾ ਨਮੂਨਾ ਹਨ ਅਤੇ ਸਰਕਾਰੀ ਦਹਿਸ਼ਤ ਵਾਦ ਦੇ ਦਾਬੇ ਦਾ ਸਬੂਤ ਹਨ।

**ਕੇਵਲ ਸਿੱਖਾਂ ਲਈ ਵਿਸ਼ੇਸ਼ ਅਦਾਲਤਾਂ ਧਾਰਮਿਕ ਤੇ ਸਿਆਸੀ ਧੱਕੇਸ਼ਾਹੀ ਅਤੇ ਵਿਤਕਰੇ ਦੀ ਇਕ ਹੋਰ ਉਦਾਹਰਣ** : ਅੱਜ ਭਾਰਤ ਵਿਚ ਇੰਨ੍ਹਾਂ ਢੰਗੀ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਕਥਿਤ ਸਿੱਖ ਅੱਤਵਾਦੀਆਂ (ਲੌਂਗੋਵਾਲ-ਟੌਹੜਾ ਤੇ ਹੋਰ ਸਭ ਫੜੇ ਭੋਲੇ ਭਾਲੇ ਸਿੱਖਾਂ ਸਮੇਤ) ਵਾਸਤੇ ਕੀਤੀ ਗਈ ਹੈ। ਇਹ ਨਿਸ਼ਚਿਤ ਹੀ ਹੈ ਕਿ ਇਸ ਨਾਲ ਸਿੱਖਾਂ ਵਿਚ ਰੋਸ ਵਧੇਗਾ ਅਤੇ ਇਨਸਾਫ ਤੋਂ ਵਿਸ਼ਵਾਸ ਵੀ ਤਿੜਕੇਗਾ ਕਿਉਂ ਜੋ ਇਸ ਗੱਲ ਨੇ ਸਮੂਹ ਸਿੱਖ ਭਾਈਚਾਰੇ ਦੇ ਸਨਮੁਖ ਕੁਝ ਅਹਿਮ ਨੁਕਤੇ ਖੜੇ ਕੀਤੇ ਹਨ। ਸਿੱਖ ਭਾਈ-ਚਾਰੇ ਤੋਂ ਇਲਾਵਾ ਜਮਹੂਰੀ ਤਾਕਤਾਂ ਲਈ ਵੀ ਇਹ ਨੁਕਤੇ ਸੋਚਣੇ ਤੇ ਸਮਝਣੇ ਜ਼ਰੂਰੀ ਬਣਦੇ ਹਨ ਕਿ : ਇੰਦਰਾ ਦੀ ਸ਼ਰਧਾ ਹਿਤ ਜਹਾਜ਼ ਅਗਵਾ ਕਰਨ ਵਾਲੇ ਪਾਂਡੇ ਭਰਾਵਾਂ ਨੂੰ ਐਮ. ਐਲ. ਏ. ਸ਼ਿੱਪਾਂ ਤੇ ਵਜ਼ੀਰੀਆਂ ਪਰ ਸਿੱਖਾਂ ਤੇ ਤਸ਼ੱਦਦ ਕਰਨ ਵਿਰੁਧ ਰੋਸ ਵਜੋਂ ਜਹਾਜ਼ ਅਗਵਾਕਾਰਾਂ ਲਈ ਵਿਸ਼ੇਸ਼ ਅਦਾਲਤਾਂ ਤੇ ਮੌਤ ਵੀ (ਮੁਸੀਬਤ ਸਿੰਘ)—ਕਿਉਂ? ਦੇਸ਼ ਵਿਰੁੱਧ ਖੁੱਲ੍ਹੇਆਮ ਹਿੰਸਕ ਤੇ ਹਥਿਆਰਬੰਦ ਬਗਾਵਤ ਕਰਨ ਵਾਲੇ ਮੀਜ਼ੋ ਨੈਸ਼ਨਲ ਫਰੰਟ ਦੇ ਨੇਤਾ ਲਾਲਡੇਂਗਾ ਨੂੰ ਗ੍ਰਿਫਤਾਰ ਕਰਕੇ ਵੀ ਵਿਦੇਸ਼ ਜਾਣ ਦੀ ਆਗਿਆ ਦੇਣਾ ਤੇ ਗੱਲਬਾਤ ਲਈ ਆਉਣ ਤੇ ਸ਼ਾਹੀ ਮਹਿਮਾਨਾਂ ਵਰਗਾ ਸਲੂਕ ਕਰਨਾ ਪਰ ਦੂਜੇ ਪਾਸੇ ਸਿੱਖਾਂ ਦੇ ਧਾਰਮਿਕ ਨੇਤਾ ਨੂੰ ਮਾਰ ਮੁਕਾਉਣ ਲਈ ਫੌਜ ਚਾੜ੍ਹ ਲਿਆਉਣੀ, ਕੁਝ ਜਜ਼ਬਾਤੀ ਮੁੰਡਿਆਂ ਨੂੰ ਜਾਨੋਂ ਮਾਰ ਦੇਣਾ ਤੇ ਫੜਿਆਂ ਲਈ ਵੀ ਵਿਸ਼ੇਸ਼ ਅਦਾਲਤਾਂ—ਕਿਉਂ? ਚੰਬਲ ਘਾਟੀ ਦੇ ਖੂੰਖਾਰ ਡਾਕੂਆਂ ਮੁਆਫ ਕਰ ਦੇਣਾ ਅਤੇ ਸੈਂਕੜੇ ਲੋਕਾਂ ਦਾ ਖੂਨ ਪੀਣ ਵਾਲੀ ਦਹਿਸ਼ਤ ਪਸੰਦ ਡਾਕੂ ਫੂਲਾਂ ਦੇਵੀ ਲਈ ਜੇਲ੍ਹ

ਵਿਚ ਬੀ ਕਲਾਸ ਤੇ ਪ੍ਰੇਮੀ ਨੂੰ ਨਾਲ ਰੱਖਣ ਦੀ ਸਹੂਲਤ ਵੀ ਪਰ ਸਿੱਖ ਕੈਦੀਆਂ ਨੂੰ ਦੂਰ ਦੁਰਾਡੇ ਅਗਿਆਤ ਜੇਲ੍ਹਾਂ ਵਿਚ ਬੰਦ ਕਰਕੇ ਮੁਲਾਕਾਤਾਂ ਤੇ ਵੀ ਪਬੰਦੀ ਕਿਉਂ ? ਕਿਸੇ ਸਿੱਖ ਕੋਲ ਲਾਇਸੈਂਸ ਸ਼ੁਦਾ ਹਥਿਆਰ ਤੇ ਅਸਲੇ ਲਈ ਵੀ ਜੇਲ੍ਹ ਤੇ ਵਿਸ਼ੇਸ਼ ਅਦਾਲਤ ਪਰ ਧੀਰੇਂਦਰ ਬ੍ਰਹਮਚਾਰੀ ਲਈ ਸੈਂਕੜੇ ਨਜਾਇਜ਼ ਬਦੇਸ਼ੀ ਬੰਦੂਕਾਂ ਤੇ ਅਸਲਾ ਖਾਨੇ ਲਈ ਸਾਜ਼ਸ਼ੀ ਚੁੱਪ ਕਿਉਂ ? ਅਤੇ ਇਸੇ ਪ੍ਰਸੰਗ ਵਿਚ ਭੂਪਾਲ ਗੈਸ ਕਾਂਡ ਜਿਹੇ ਭਿਆਨਕ ਕਾਰਨਾਮਿਆਂ ਲਈ ਕੋਈ ਦੋਸ਼ੀ ਵੀ ਨਾ ਮਸ਼ਦ ਤਕ ਕਿਉਂ ਨਹੀਂ ਕੀਤਾ ? ਦਿੱਲੀ ਕਾਨਪੁਰ ਤੇ ਦੇਸ਼ ਦੇ ਹੋਰ ਭਾਗਾਂ ਵਿਚ ਹੋਏ ਹਿੰਸਕ ਦੰਗਿਆਂ ਤੇ ਕਤਲੇਆਮ ਦੇ ਦੋਸ਼ੀਆਂ ਲਈ ਵਿਸ਼ੇਸ਼ ਅਦਾਲਤਾਂ ਕਿਉਂ ਨਹੀਂ ? 70 ਕਰੋੜ ਭਾਰਤੀ ਲੋਕਾਂ ਦੀ ਚੰਗੇਰੀ ਜ਼ਿੰਦਗੀ ਜਿਉਣ ਦੀਆ ਸੁੱਖ ਸਹੂਲਤਾਂ ਤੇ ਕੁਝ ਮੁੱਠੀ ਭਰ ਘਰਾਣੇ ਛਾਪਾ ਮਾਰੀ ਬੈਠੇ ਹਨ ਅਤੇ ਨਾਲ ਹੀ ਦੇਸ਼ ਦੇ ਕਰੋੜਾਂ ਰੁਪਏ ਦੇ ਟੈਕਸਾਂ ਦੀ ਪੂੰਜੀ ਨੂੰ ਦੇਣ ਤੋਂ ਵੀ ਨਾਬਰ ਹੋ ਬੈਠੇ ਲੁਟੇਰਿਆਂ ਧਨ ਕੁਬੇਰਾਂ ਲਈ ਵਿਸ਼ੇਸ਼ ਅਦਾਲਤਾਂ ਕਿਉਂ ਨਹੀਂ ? ਦੇਸ਼ ਦੇ ਅਸਲੀ ਗਦਾਰਾਂ ਜੋ ਮਾਮੂਲੀ ਰਕਮ, ਵਿਸਕੀ ਦੇ ਪੈੱਗਾਂ, ਅਤੇ ਨਾਚ ਡਾਂਸਾਂ ਦੇ ਬਦਲੇ ਹੀ ਦੇਸ਼ ਦੇ ਕੀਮਤੀ ਭੇਦ ਵੇਚਦੇ ਰਹੇ, ਉਹਨਾਂ ਲਈ ਵਿਸ਼ੇਸ਼ ਅਦਾਲਤਾਂ ਕਿਉਂ ਨਹੀਂ ?

ਇਹ ਉਦਾਹਰਣਾਂ ਨਿਆਂ ਪ੍ਰਣਾਲੀ ਤੇ ਦੋਹਰੇ ਮਾਪ ਦੰਡਾਂ ਨੂੰ ਸਪਸ਼ਟ ਤੌਰ ਤੇ ਉਜਾਗਰ ਕਰਨ ਲਈ ਵਰਨਣ ਕੀਤੀਆਂ ਗਈਆਂ ਹਨ ਨਾ ਕਿ ਦੂਜੀ ਧਿਰ ਲਈ ਵੀ ਇਹਨਾਂ ਦੀ ਕਾਇਮੀ ਦੀ ਮੰਗ ਲਈ। ਇਸ ਪ੍ਰਸੰਗ ਵਿਚ ਉਨ੍ਹਾਂ ਸਾਰੇ ਭੱਦਰ ਪੁਰਸ਼ਾਂ ਤੇ ਬੁਧੀਜੀਵੀਆਂ ਤੋਂ ਜਿਹੜੇ ਇਹ ਕਹਿੰਦੇ ਨਹੀਂ ਥੱਕਦੇ ਕਿ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ, ਪੁਛਿਆ ਜ ਸਕਦਾ ਹੈ ਕਿ ਇਹ ਇਨਸਾਫ ਦੀ ਕਿਹੜੀ ਕਿਸਮ ਹੈ ? ਤੇ ਬਰ ਬਰਤਾ ਦੀ ਕਿਹੜੀ ਪੱਧਰ ਹੈ ? ਸਿੱਖਾਂ ਨਾਲ ਹੋ ਰਹੀ ਇਸ ਸਿਆਸੀ ਧੱਕੇਸ਼ਾਹੀ ਵਿਤਕਰੇ ਤੇ ਬੇਈਮਾਨੀ ਦੀ ਇਸ ਤੋਂ ਵੱਡੀ ਤੇ ਸਪਸ਼ਟ ਉਦਾਹਰਣ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ।

**ਵਿਸ਼ੇਸ਼ ਅਦਾਲਤਾਂ ਦਾ ਭਵਿੱਖ ਉਤੇ ਪ੍ਰਭਾਵ**

ਇਹ ਵਿਸ਼ੇਸ਼ ਅਦਾਲਤਾਂ ਭਾਵੇਂ ਅੱਜ ਸਿਖਾਂ ਲਈ ਬਣਾਈਆਂ ਗਈਆਂ ਹਨ ਪਰੰਤੂ ਆਉਣ ਵਾਲੇ ਸਮੇਂ ਵਿਚ ਇਹਨਾਂ ਦੇ ਕਾਲੇ ਕਾਨੂੰਨ ਦਾ ਡੰਡਾ ਹਰ ਹੱਕ ਮੰਗਦੇ ਸਿਰ ਤੇ ਵਰ੍ਹੇਗਾ। ਦੇਸ਼ ਵਿਚ ਚੱਲ ਰਹੀ ਹਰ ਜਮਹੂਰੀ ਲਹਿਰ ਦੀ ਸਿਰੀ ਫੇਹਣ ਲਈ ਇਹਨਾਂ ਵਿਸ਼ੇਸ਼ ਅਦਾਲਤਾਂ ਦੀ ਵਰਤੋਂ ਕੀਤੀ ਜਾਵੇਗੀ। ਹਾਕਮ ਪਾਰਟੀ ਦਾ ਵਿਰੋਧ ਕਰਨ ਵਾਲੀ ਹਰ ਪਾਰਟੀ (ਭਾਵੇਂ ਉਹ ਇਸੇ ਖਾਸੇ ਦੀ ਕਿਉਂ ਨਾ ਹੋਵੇ) ਦਾ ਲੱਕ ਤੋੜਨ ਲਈ ਵੀ ਇਸਦੀ ਮਦਦ ਲਈ ਜਾਵੇਗੀ। ਅਤੇ ਇਨਸਾਫ ਮਹਿੰਗੇ ਭਾਅ ਵੀ ਖਰੀਦਣਾ ਅਸੰਭਵ ਹੋ ਜਾਵੇਗਾ। ਅਤੇ ਭਵਿੱਖ ਵਿਚ ਇਨਸਾਫ ਅਦਾਲਤਾਂ 'ਚੋਂ ਉਡ ਕੇ ਖਲਾਅ ਵਿਚ ਹੀ ਲਟਕਦਾ ਰਹਿ ਜਾਵੇਗਾ।

**ਸਮੇਂ ਦੀ ਲੋੜ** : ਸੋ ਇਹਨਾਂ ਵਿਸ਼ੇਸ਼ ਅਦਾਲਤਾਂ ਦੇ ਸਰਕਾਰੀ ਗੈਰ ਜਮਹੂਰੀ ਕਦਮ ਦੀ ਨਿਰਪੱਖ ਤੌਰ ਤੇ ਵਿਰੋਧਤਾ ਕਰਨੀ ਅੱਜ ਸਮੇਂ ਦੀ ਮੁੱਖ ਲੋੜ ਹੈ। ਸਮੂਹ ਇਨਸਾਫ ਪਸੰਦ ਵਿਅਕਤੀਆਂ, ਜਥੇਬੰਦੀਆਂ, ਸੰਸਥਾਵਾਂ ਤੇ ਬੁਧੀਜੀਵੀਆਂ ਨੂੰ ਵਿਸ਼ੇਸ਼ ਅਦਾਲਤਾਂ ਦੇ ਖਾਤਮੇਂ ਦੀ ਮੰਗ ਉਚੀ ਕਰਨੀ ਬਣਦੀ ਹੈ। ਅਤੇ ਅਜਿਹੇ ਅਖੌਤੀ ਇਨਸਾਫ ਦਾ ਪਰਦਾ ਫਾਸ਼ ਕਰਨ ਦੀ ਜ਼ਰੂਰਤ ਹੈ। ਹਾਕਮ ਜਮਾਤਾਂ ਵਲੋਂ ਨਿਆਂ ਪ੍ਰਣਾਲੀ ਵਿਚ ਹੋ ਰਹੀ ਦਖਲ ਅੰਦਾਜ਼ੀ ਤੇ ਦਬਾਅ ਦਾ ਵਿਰੋਧ ਕਰਨਾ ਬਣਦਾ ਹੈ।

## 2. ਕੀ ਤੁਸੀਂ ਦਹਿਸ਼ਤ ਪਸਦ ਹੋ ?

**ਗੋਬਿੰਦ ਮੁਕੋਟੀ** (ਪੀ. ਯੂ. ਸੀ. ਐਲ)

ਅਜ਼ਾਦੀ ਵੇਲੇ ਤੋਂ ਲੈ ਕੇ ਭਾਰਤੀ ਸਰਕਾਰ ਅਜਿਹੇ ਬਿਲ ਪਾਸ ਕਰਦੀ, ਕਨੂੰਨ ਬਣਾਉਂਦੀ ਅਤੇ ਆਦੇਸ਼ (ਆਰਡੀਨੈਂਸ) ਜਾਰੀ ਕਰਦੀ ਰਹੀ ਹੈ, ਜੋ ਭਾਰਤੀ ਲੋਕਾਂ ਦੇ ਹੱਕਾਂ ਨੂੰ ਖਤਮ ਕਰਦੇ ਹਨ। ਵਾਰ ਵਾਰ ਅਜਿਹੇ ਕਨੂੰਨ ਇਕ ਪਖੰਡੀ ਉਦੇਸ਼ ਲੈ ਕੇ ਆਉਂਦੇ ਰਹੇ ਹਨ, ਪਰੰਤੂ ਬਿਲਕੁਲ ਵੱਖਰੇ ਮਕਸਦਾਂ ਲਈ ਵਰਤੇ ਜਾਂਦੇ ਰਹੇ ਹਨ। ਜੇਕਰ ਅਜਿਹਾ ਕੋਈ ਕਨੂੰਨ ਸਮਗਲਰਾਂ ਲਈ ਹੁੰਦਾ ਹੈ ਤਾਂ ਇਹ ਟਰੇਡ ਯੂਨੀਅਨ ਵਿਰੁੱਧ ਵਰਤਿਆ ਜਾਂਦਾ ਹੈ; ਜਦੋਂ ਇਸਨੂੰ ਕਿਸੇ ਜੰਗਲਾਤ ਦੇ ਠੇਕੇਦਾਰਾਂ ਖਿਲਾਫ ਹੋਣ ਬਾਰੇ ਕਿਆਸ ਕੀਤਾ ਜਾਂਦਾ ਹੈ ਤਾਂ ਇਹ ਵਰਤਿਆ ਗਰੀਬ ਕਬੀਲਿਆਂ ਖਿਲਾਫ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੋਰ ! ਮੀਸੇ ਨੂੰ ਸਮਗਲਰਾਂ ਵਿਰੁੱਧ ਚਿਤਵਿਆਂ ਗਿਆ ਸੀ ਅਤੇ ਇਕ ਤੋਂ ਸਿਵਾਏ ਸਾਰੀਆਂ ਵਿਰੋਧੀ ਪਾਰਟੀਆਂ ਨੇ ਪਾਰਲੀਮੈਂਟ ਵਿਚ ਇਸਨੂੰ ਕਨੂੰਨੀ ਰੂਪ ਦੇਣ ਦੀ ਹਿਮਾਇਤ ਕੀਤੀ। ਐਮਰਜੈਂਸੀ ਦੌਰਾਨ ਭਾਵੇਂ ਉਹੀ ਲੀਡਰ ਜਿਨ੍ਹਾਂ ਨੇ ਇਸ ਕਨੂੰਨ ਦੀ ਹਿਮਾਇਤ ਕੀਤੀ, ਮੀਸਾ ਅਧੀਨ ਗ੍ਰਿਫਤਾਰ ਕੀਤੇ ਗਏ। ਦੂਜੇ ਪਾਸੇ, ਹਾਜੀ ਮਸਤਾਨ ਅਤੇ ਕਰੀਮ ਲਾਲਾ ਵਰਗੇ ਸਮਗਲਰ ਜਿਨ੍ਹਾਂ ਨੂੰ ਹੁਣੇ ਹੁਣੇ ਬੰਬਈ ਵਿਚ ਫਿਰਕੂ ਦੰਗੇ ਭੜਕਾਉਣ ਕਰਕੇ ਕੌਮੀ ਸੁਰਖਿਆ ਕਨੂੰਨ (ਐਨ. ਐਸ. ਏ.) ਤਹਿਤ ਫੜਿਆ ਗਿਆ ਸੀ, ਕੁੱਝ ਦਿਨਾਂ ਦੀ ਗ੍ਰਿਫਤਾਰੀ ਪਿੱਛੋਂ ਛੱਡ ਦਿੱਤੇ ਜਾਂਦੇ ਰਹੇ ਹਨ।

ਹੁਣ ਪੰਜਾਬ ਦੀ ਘਟਨਾ ਨੇ ਰਾਜ ਨੂੰ ਸਭ ਤੋਂ ਵੱਡਾ ਵਾਸਣਾ ਦਿੱਤਾ ਹੈ। ਪੰਜਾਬ ਦੇ ਨਾਂ ਤੇ ਸਰਕਾਰ ਨੇ

ਕੌਮੀ ਸੁਰਖਿਆ ਕਨੂੰਨ' (ਐਨ. ਐਸ. ਏ.) 'ਚ ਸੋਧ ਕਰ ਦਿੱਤੀ ਹੈ। ਕਿਉਂਕਿ ਇਹ ਪੰਜਾਬ ਵਿੱਚ ਲਾਗੂ ਕੀਤੇ ਗਏ ਬਹੁਤ ਸਾਰੇ ਦੂਸਰੇ ਕਨੂੰਨਾਂ ਨੂੰ ਨੇੜਿਓਂ ਅਪਣਾਉਂਦਾ ਹੈ, ਇਸ ਲਈ ਸੱਚੀਓਂ ਹੀ ਇਹ ਹੋਰ ਸਖਤ ਐਨ. ਐਸ. ਏ. ਨੂੰ ਕਿਸੇ ਦੇ ਵੀ ਧਿਆਨ 'ਚ ਆਏ ਬਿਨਾਂ ਸਮੁੱਚੇ ਦੇਸ਼ 'ਤੇ ਲਾਗੂ ਕੀਤਾ ਜਾ ਰਿਹਾ ਹੈ।

ਸਰਕਾਰ ਨੇ 19 ਜੁਲਾਈ 1984 ਨੂੰ ਜਦੋਂ ਪਾਰਲੀਮੈਂਟ ਦੇ ਸੈਸ਼ਨ 'ਚ ਅਜੇ ਦੱਸ ਦਿਨ ਹੋਰ ਬਾਕੀ ਸਨ, ਇਕ ਆਰਡੀਨੈਂਸ ਜਾਰੀ ਕੀਤਾ। ਟੈਰਰਇਸਟਸ ਅਫੈਕਟੈਡ ਏਰੀਆ (ਸਪੈਸ਼ਲ ਕੋਰਟ) ਭਾਵ ਦਹਿਸ਼ਤਪਸੰਦਾਂ ਤੋਂ ਪ੍ਰਭਾਵਿਤ ਇਲਾਕਿਆਂ ਸਬੰਧੀ ਆਦੇਸ਼ 1984 ਨਾਂ ਦਾ ਇਹ ਹੁਕਮ ਪਿਛਲੇ ਸਾਰੇ ਜਾਬਰ ਕਨੂੰਨਾਂ ਨੂੰ ਮਾਤ ਪਾਉਂਦਾ ਹੈ। ਇਹ ਫੌਜਦਾਰੀ ਕਨੂੰਨ ਅਤੇ ਕੁਦਰਤੀ ਨਿਆਂ ਦੀਆਂ ਸਾਰੀਆਂ ਪੱਧਰਾਂ ਦੀ ਉਲੰਘਣਾ ਕਰਦਾ ਹੈ। ਇਹ ਮੁੱਢਲੇ ਹੱਕਾਂ ਦੀ ਉਲੰਘਣਾ ਕਰਦਾ ਹੈ। ਅਤੇ ਸਭ ਤੋਂ ਵਧਕੇ, ਇਹ ਸਭ ਤਰ੍ਹਾਂ ਦੀਆਂ ਜਮਹੂਰੀ ਸਰਗਰਮੀਆਂ ਨੂੰ ਖਤਰਨਾਕ ਰੂਪ 'ਚ ਰੋਕੇਗਾ। ਇਸ ਕਨੂੰਨ ਤਹਿਤ ਜਿਸ ਢੰਗ ਨਾਲ 'ਦਹਿਸ਼ਤਪਸੰਦ' ਦੀ ਪਰੀਭਾਸ਼ਾ ਦਿੱਤੀ ਜਾਂਦੀ ਰਹੀ ਹੈ, ਉਸ ਨਾਲ ਇਸ ਨੂੰ ਮਜ਼ਦੂਰਾਂ, ਕਿਸਾਨਾਂ, ਕਬੀਲਿਆਂ, ਵਿਦਿਆਰਥੀਆਂ ਅਤੇ ਦੂਸਰਿਆਂ ਜਿਹੜੇ ਆਪਣੇ ਹੱਕਾਂ ਲਈ ਅਤੇ ਸਮਾਜਿਕ ਤੇ ਆਰਥਕ ਜਬਰ ਖਿਲਾਫ਼ ਲੜ ਰਹੇ ਹਨ, ਵਿਰੁੱਧ ਵਰਤਿਆ ਜਾ ਸਕਦਾ ਹੈ। ਦਿੱਤੀਆਂ ਹੋਈਆਂ ਧਾਰਾਵਾਂ ਕਰਕੇ ਇਹ ਸੱਚੀਓਂ ਹੀ ਕਿਸੇ ਵੀ ਹਾਲਤ 'ਚ ਤੇ ਕਿਸੇ ਦੇ ਵੀ ਖਿਲਾਫ ਵਰਤਿਆ ਜਾ ਸਕਦਾ ਹੈ। ਇਸ ਲਈ, ਇਸ ਕਨੂੰਨ ਦੀਆਂ ਉਲਝਣਾਂ ਨੂੰ ਜਾਨਣਾ ਮਹੱਤਵਪੂਰਣ ਹੈ, ਜੋ ਪਹਿਲਾਂ ਹੀ ਪੰਜਾਬ ਵਿਚ ਲਾਗੂ ਕੀਤਾ ਜਾਂਦਾ ਰਿਹਾ ਹੈ, ਪਰੰਤੂ ਜਿਹੜਾ ਹੈ ਸਾਰੇ ਦੇਸ਼ ਲਈ।

'ਦਹਿਸ਼ਤਪਸੰਦ' ਦਾ ਅਰਥ ਹੈ,ਅਜਿਹਾ ਵਿਅਕਤੀ ਜਿਹੜਾ ਬੇਲਗਾਮ ਰੂਪ 'ਚ ਹੋਰਨਾਂ ਵਿਅਕਤੀਆਂ ਦਾ ਕਤਲੇਆਮ ਕਰਣ ਜਾਂ ਹਿੰਸਾ ਜਾਂ ਸਮਾਜ ਲਈ ਜ਼ਰੂਰੀ ਸੰਚਾਰ ਦੇ ਸਾਧਨਾਂ ਜਾਂ ਸੇਵਾਵਾਂ ਵਿਚ ਗੜਬੜ ਫੈਲਾਉਣ ਜਾਂ ਜਨਤਾ ਜਾਂ ਜਨਤਾ ਦੇ ਕਿਸੇ ਹਿੱਸੇ ਵਿਚ ਡਰ ਪੈਦਾ ਕਰਣ ਦੇ ਵਿਚਾਰ ਨਾਲ ਜਾਇਦਾਦ ਨੂੰ ਨੁਕਸਾਨ ਪੁਚਾਉਣ, ਵੱਖ-ਵੱਖ ਧਾਰਮਿਕ, ਨਸਲੀ, ਭਾਸ਼ਾਈ ਜਾਂ ਖੇਤਰੀ ਗਰੁੱਪਾਂ ਜਾਂ ਜਾਤੀ ਜਾਂ ਭਾਈਚਾਰਿਆਂ ਵਿਚਕਾਰ ਇਕਸੁਰਤਾ ਨੂੰ ਨੁਕਸਾਨ ਪੁਚਾਉਣ, ਕਨੂੰਨ ਰਾਹੀਂ ਸਥਾਪਤ ਕੀਤੀ ਸਰਕਾਰ ਨਾਲ ਜ਼ਬਰਦਸਤੀ ਕਰਣ ਜਾਂ ਧਮਕਾਉਣ ਜਾਂ ਭਾਰਤ ਦੀ ਇਕਜੁਟਤਾ ਅਤੇ ਪ੍ਰਭੁਸੱਤਾ ਨੂੰ ਪੈਦਾ ਕਰਣ ਵਿਚ ਲੱਗਿਆ ਹੋਵੇ।

ਜਿਸ ਤਰ੍ਹਾਂ ਮਸਲਾ ਹੈ, ਕੇਂਦਰੀ ਸਰਕਾਰ ਸੂਬਾਈ ਸਰਕਾਰ ਨਾਲ ਸਲਾਹ ਕੀਤੇ ਬਿਨ੍ਹਾਂ ਦੇਸ਼ ਦੇ ਕਿਸੇ ਵੀ ਹਿੱਸੇ ਨੂੰ "ਦਹਿਸ਼ਤਗ੍ਰਸਤ" ਐਲਾਨ ਸਕਦੀ ਹੈ। ਹੋਰ ਵੱਧ ਖੁਦਮੁਖਤਿਆਰੀ ਲਈ ਲੜ ਰਹੇ ਰਾਜਾਂ ਦੇ ਪ੍ਰਸੰਗ ਵਿੱਚ ਇਹ ਦਿੱਲੀ ਬੈਠੇ ਕੁਝ ਵਿਅਕਤੀਆਂ ਨੂੰ ਵਿਸ਼ਾਲ ਅਧਿਕਾਰ ਦੇਣਾ ਹੋਵੇਗਾ।

ਭਾਵੇਂ ਇਸ ਕਨੂੰਨ 'ਚ ਜੁਰਮਾਂ ਦੀ ਲੰਬੀ ਸੂਚੀ ਆਉਂਦੀ ਹੈ ਜਿਨ੍ਹਾਂ 'ਤੇ ਇੱਕ "ਨਿਆਂਇਕ ਖਿੱਤੇ" ਵਿੱਚ ਕਾਇਮ ਕੀਤੀਆਂ **ਸਪੈਸ਼ਲ ਅਦਾਲਤਾਂ** ਰਾਹੀਂ ਮੁਕੱਦਮਾ ਚਲਾਇਆ ਜਾ ਸਕਦਾ ਹੈ। ਕਈ ਕਿਸਮ ਦੇ ਜੁਰਮ ਸਿੱਧੇ ਤੌਰ 'ਤੇ ਜਮਹੂਰੀ ਸਰਗਰਮੀ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤਰ੍ਹਾਂ ਕਿਸੇ ਨੇ ਵੀ ਕਿਸੇ ਸਰਕਾਰੀ ਨੌਕਰ ਦੀਆਂ ਭ੍ਰਿਸ਼ਟ ਕਾਰਗੁਜ਼ਾਰੀਆਂ ਵਿਰੁੱਧ ਰੋਸ ਪ੍ਰਗਟ ਕਰਣਾ ਹੋਵੇ, ਕਿਸੇ ਨੇ ਵੀ ਜੇਕਰ ਸਰਕਾਰ ਦੀ ਨੁਕਤਾਚੀਨੀ ਕਰਣ ਵਾਲਾ ਲੀਫਲੈਟ ਪ੍ਰਕਾਸ਼ਤ ਕਰਣਾ ਹੈ ਜਾਂ ਕਿਸੇ ਵੀ ਰੋਸ ਦੇ 'ਰਸਤਾ ਰੋਕੋ, ਜਾਂ ਘਿਰਾਉ ਵਰਗੇ ਜਮਹੂਰੀ ਢੰਗ ਨੂੰ ਨੂੰ ਵਰਤਣਾ ਹੋਵੇ, ਨੂੰ 'ਦਹਿਸ਼ਤ ਪਸੰਦ' ਦਾ ਰੁਤਬਾ ਦਿੱਤਾ ਜਾ ਸਕਦਾ ਹੈ।

ਇੱਕ ਵਾਰ ਜਦੋਂ ਕਿਸੇ ਵਿਅਕਤੀ ਨੂੰ ਡਕੈਤੀ ਜਾਂ ਕਤਲ ਵਰਗੇ ਕਿਸੇ ਨਾ ਕਿਸੇ ਦੋਸ਼ ਹੇਠ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਇਹ ਸਮਝਿਆ ਜਾਵੇਗਾ ਕਿ ਕਿਉਂਕਿ ਅਦਾਲਤਾਂ ਇਨਸਾਫ ਦੇਣ ਲਈ ਹਨ, ਜੇ ਕੋਈ ਵਿਅਕਤੀ ਦੋਸ਼ੀ ਨਹੀਂ ਤਾਂ ਉਸ ਨੂੰ ਬਰੀ ਕਰ ਦਿੱਤਾ ਜਾਵੇਗਾ ਜਾਂ ਕਰ ਦਿੱਤੀ ਜਾਵੇਗੀ। ਅਤੇ ਇਸ ਤਰ੍ਹਾਂ 'ਕਨੂੰਨ ਦੇ ਪਾਬੰਦ' ਨਾਗਰਿਕਾਂ ਨੂੰ ਇਨ੍ਹਾਂ ਵਿਸ਼ੇਸ਼ ਅਦਾਲਤਾਂ ਦੀ ਕੋਈ ਪ੍ਰਵਾਹ ਕਰਣ ਦੀ ਜ਼ਰੂਰਤ ਨਹੀਂ। ਜਿਵੇਂ ਕਿਵੇਂ ਵੀ ਅਸਲ ਵਿਚ ਇਹ ਅਦਾਲਤਾਂ ਇਨਾਂ ਅਰਥਾਂ 'ਚ ਵਿਸ਼ੇਸ਼ ਹਨ ਕਿ ਉਹ ਮੁਕੱਦਮੇ ਵਿੱਚ ਇਨਸਾਫ ਦੀ ਕੋਈ ਲੋੜ ਮਹਿਸੂਸ ਨਹੀਂ ਕਰਦੇ। ਇੱਥੇ ਦੋਸ਼ੀਆਂ ਲਈ ਸੁਰਖਿਆ ਦਾ ਬਿਲਕੁੱਲ ਕੋਈ ਸਮਾਂ ਨਹੀਂ ਹੈ। ਇੱਕ ਵਾਰ ਜਦੋਂ ਕਿਸੇ ਵਿਅਕਤੀ 'ਤੇ 'ਦਹਿਸ਼ਤ ਪਸੰਦ' ਦਾ ਬਿੱਲਾ ਲਾ ਦਿੱਤਾ ਜਾਂਦਾ ਹੈ, ਉਹ ਕੋਈ ਯੂਨੀਅਨ ਦਾ ਆਗੂ ਹੋਵੇ, ਘਟੋ ਘੱਟ ਉਜਰਤਾਂ ਲਈ ਲੜ ਰਿਹਾ ਇੱਕ ਖੇਤ ਮਜ਼ਦੂਰ ਜਾਂ ਸਰਕਾਰੀ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰ ਰਿਹਾ ਸਮਾਜੀ ਕਾਰਕੁੰਨ ਹੋਵੇ ਜਾਂ ਇੱਕ 'ਨਕਸਲਾਈਟ', ਜੋ ਕੁੱਝ ਪਿੱਛੋਂ ਹੋਵੇਗਾ, ਸੱਚੀਉਂ ਹੀ ਰਾਜ ਰਾਹੀਂ ਕਨੂੰਨੀਕ੍ਰਿਤ ਕਤਲ ਹੋਵੇਗਾ।

ਅਜਿਹੇ ਦੋਸ਼ੀਆਂ ਦੀ ਪੇਸ਼ਗੀ ਜ਼ਮਾਨਤ ਨਹੀਂ ਹੋ ਸਕਦੀ। ਇਥੋਂ ਤੱਕ ਕਿ ਅਦਾਲਤ ਰਾਹੀਂ ਸਰਕਾਰੀ ਵਕੀਲ ਦੀ ਸੁਣਵਾਈ ਹੋ ਚੁੱਕਣ ਤੋਂ ਬਿਨ੍ਹਾਂ ਸਧਾਰਣ ਜ਼ਮਾਨਤ ਵੀ ਨਹੀਂ ਕੀਤੀ ਜਾਂਦੀ। ਰਾਜ ਸਰਕਾਰ ਦੀ ਆਗਿਆ ਨਾਲ ਕੇਂਦਰੀ ਸਰਕਾਰ ਸਬੰਧਿਤ ਰਾਜ ਤੋਂ

ਬਾਹਰ **ਵਾਧੂ ਵਿਸ਼ੇਸ਼ ਅਦਾਲਤਾਂ** ਸਥਾਪਤ ਕਰ ਸਕਦੀ ਹੈ। ਅਦਾਲਤ ਆਪਣੀ ਸੁਣਵਾਈ ਕਿਸੇ ਵੀ ਜਗ੍ਹਾ ਕਰ ਸਕਦੀ ਹੈ। ਭਾਵ ਇਹ ਜੇਲ੍ਹ ਦੀ ਚਾਰਦੀਵਾਰੀ ਅੰਦਰ ਜਾਂ ਕਿਸੇ ਹੋਰ ਸੁਰੱਖਿਅਤ ਥਾਂ 'ਤੇ ਬੈਠ ਸਕਦੀ ਹੈ। ਸਮੁੱਚੀਆਂ ਕਾਰਵਾਈਆਂ ਗੁਪਤ ਬੰਦ ਕਮਰੇ 'ਚ ਹੋਣਗੀਆਂ। ਗਵਾਹ ਆਪਣੀ ਸ਼ਨਾਖਤ ਪ੍ਰਗਟ ਕਰਣ ਦੀ ਜ਼ਰੂਰਤ ਨਹੀਂ।

ਇਸ ਸਾਰੇ ਕੁੱਝ ਤੋਂ ਇਲਾਵਾ ਰਾਜ ਵਿਰੁੱਧ ਬਗਾ-ਵਤ ਦੇ ਕਿਸੇ ਦੋਸ਼ੀ ਦੇ ਮਾਮਲੇ ਵਿੱਚ, ਉਸ ਦੀ ਇਸ ਸੰਖੇਪ ਜਿਹੇ ਮੁਕੱਦਮੇ ਵਿੱਚ ਆਪਣੇ ਆਪ ਨੂੰ ਖੁਦ ਨਿਰ-ਦੋਸ਼ ਕਰਣ ਦੀ ਜ਼ੁੰਮੇਵਾਰੀ ਬਣਦੀ ਹੈ। ਇਸ ਸਾਰੇ ਕੁੱਝ ਵਿਰੁੱਧ ਅਪੀਲ ਸਿਰਫ਼ ਸੁਪਰੀਮ ਕੋਰਟ ਨੂੰ ਹੀ ਕੀਤੀ ਜਾ ਸਕਦੀ ਹੈ ਅਤੇ ਉਹ ਵੀ ਆਮ ਰੂਪ 'ਚ 90 ਦਿਨਾਂ ਦੇ ਉਲਟ 30 ਦਿਨਾਂ ਦੇ ਅੰਦਰ ਅੰਦਰ। ਅਜਿਹਾ ਦੋਸ਼ ਮੌਤ ਦੀ ਸਜ਼ਾ ਯੋਗ ਹੈ।

ਇਸ ਤਰ੍ਹਾਂ ਇਸ ਕਨੂੰਨ ਹੇਠ, ਪੀਣ ਵਾਲੇ ਪਾਣੀ ਵਰਗੀ 'ਘੱਟੋ ਘੱਟ ਜ਼ਰੂਰਤ ਲਈ ਲੜ ਰਹੇ ਮਨੀਪੁਰ ਵਿਚਲੇ ਲੋਕਾਂ ਤੇ ਅਸਾਨੀ ਨਾਲ 'ਦਹਿਸ਼ਤ ਪਸੰਦ' ਦਾ ਠੱਪਾ ਲਾਇਆ ਜਾ ਸਕਦਾ ਹੈ ਅਤੇ ਪੰਜਾਬ ਵਿੱਚ ਵਿਸ਼ੇਸ਼ ਅਦਾਲਤ ਵਿੱਚ ਮੁਕੱਦਮਾ ਚਲਾਉਣ ਲਈ ਲਿਜਾਇਆ ਜਾ ਸਕਦਾ ਹੈ। ਦੋਸ਼ੀ ਦੀ ਸ਼ਹਿਰੀ ਹੱਕਾਂ ਸਬੰਧੀ ਵਕੀਲਾਂ, ਪ੍ਰੈਸ ਅਤੇ ਦੂਸਰੀ ਜਨਤਕ ਹਿਮਾਇਤ ਲਈ ਕੋਈ ਪਹੁੰਚ ਨਹੀਂ ਹੋਏਗੀ। ਅਜਿਹੇ ਵਿਅਕਤੀ 'ਤੇ ਜਿਸਨੂੰ ਆਪਣੀ ਨਿਰਦੋਸ਼ਤਾ ਸਾਬਤ ਕਰਨੀ ਪਵੇਗੀ, ਸੰਖੇਪ ਜਿਹਾ ਮੁਕੱਦਮਾ ਚਲੇਗਾ, ਸ਼ਾਇਦ ਗਵਾਹਾਂ ਦੇ ਤੌਰ 'ਤੇ ਪੁਲਸ ਅਫ਼ਸਰਾ ਨੂੰ ਹੀ ਪੇਸ਼ ਕਰ ਦਿੱਤਾ ਜਾਵੇ। ਜਿਥੋਂ ਤੱਕ ਦੋਸ਼ੀ ਦਾ ਸਬੰਧ ਹੈ ਮਨੀਪੁਰ ਤੋਂ ਇੱਕ ਵਿਅਕਤੀ ਨੂੰ ਪੰਜਾਬ ਵਿੱਚ ਗਵਾਹ ਪੇਸ਼ ਕਰਨੇ ਅਸੰਭਵ ਹੋਣਗੇ। ਅਕ ਕੇ ਜਦੋਂ ਕੋਈ ਬਾਹਰੀ ਹਿਮਾਇਤ ਸੰਭਵ ਨਾ ਹੋਵੇ। ਦਿੱਤੀਆਂ ਹੋਈਆਂ ਹਾਲਤਾਂ ਵਿੱਚ ਦਿੱਲੀ 'ਚ ਸੁਪਰੀਮ ਕੋਰਟ ਨੂੰ ਅਪੀਲ ਕਰਨੀ ਵੀ ਉਨੀ ਹੀ ਅਸੰਭਵ ਹੋਵੇਗੀ। ਅਤੇ ਬਹੁਤ ਹਾਲਤਾਂ 'ਚ ਸੂਚੀ ਵਿੱਚ ਦਰਜ ਜ਼ੁਰਮਾਂ 'ਚੋਂ ਕੁੱਝ ਖਤਰਨਾਕ ਕਿਸਮ ਦੇ ਹੋਣ ਕਰਕੇ ਕੋਈ ਪੂਰੀ ਤਰ੍ਹਾਂ ਹੀ ਨਿਰਦੋਸ਼ ਵਿਅਕਤੀ ਵੀ ਫਾਂਸੀ ਚੜ ਸਕਦਾ ਹੈ। ਇੱਕ ਹੋਰ ਵਿਲੱਖਣ ਗੁੰਜਾਇਸ਼ ਇਸ ਗੱਲ ਦੀ ਹੈ ਕਿ ਵਿਸ਼ੇਸ਼ ਅਦਾਲਤ ਕਦੇ ਅਸਲੀ ਰੂਪ 'ਚ ਬੈਠੇ ਬਿਨਾਂ ਵੀ ਆਪਣੀਆਂ ਕਾਰਵਾਈਆਂ ਦਰਜ ਕਰ ਸਕਦੀ ਹੈ। ਪ੍ਰੈਸ 'ਚ ਦਰਜ ਕੀਤਾ ਜਾਵੇਗਾ ਕਿ 'ਮਨੀਪੁਰ 'ਚ ਫੜੇ ਗਏ ਕਥਿਤ—ਅੱਤਵਾਦੀਆਂ ਤੇ ਪੰਜਾਬ 'ਚ ਮੁਕੱਦਮਾ ਚਲ ਰਿਹਾ ਹੈ। ਕਿ ਮਹੀਨੇ ਕੁ ਪਿੱਛੋਂ ਐਲਾਨ ਕਰ ਦਿੱਤਾ ਜਾਵੇਗਾ ਤੇਜ਼ੀ ਨਾਲ ਇਨਸਾਫ਼ ਕੀਤਾ ਗਿਆ ਹੈ ਤੇ ਕਿ 'ਦਹਿਸ਼ਤ ਪਸੰਦ' ਰਾਜ ਖਿਲਾਫ਼ ਬਗਾਵਤ ਲਈ ਦੋਸ਼ੀ ਪਾਏ ਗਏ ਹਨ। ਇਹੀ ਅੰਤ ਹੋਵੇਗਾ...! ਸਭ ਕੁੱਝ ਬਹੁਤ ਹੀ ਤਰਕਸ਼ੀਲ, ਬਹੁਤ ਹੀ ਵਾਜਬ ਲੱਗੇਗਾ। ਕੋਈ ਰੋਸ ਦਾ ਪ੍ਰਗਟਾਵਾ ਨਹੀਂ ਹੋਵੇਗਾ ਕਿਉਂਕਿ ਆਖਰਕਾਰ ਉਹ ਇਕ 'ਦਹਿਸ਼ਤਪਸੰਦ' ਸੀ ਜੋ ਕਿਸੇ ਵੀ ਹਮਾਇਤ ਜਾਂ ਹਮਦਰਦੀ ਦੇ ਕਾਬਲ ਨਹੀਂ ਸੀ। **ਪਰ ਉਹ 'ਦਹਿਸ਼ਤਪਸੰਦ' ਬਿਲਕੁੱਲ ਸਾਡੇ ਵਿਚੋਂ ਵੀ ਕੋਈ ਹੋ ਸਕਦਾ ਹੈ, ਇਹ ਤੁਸੀਂ ਵੀ ਹੋ ਸਕਦੇ ਹੋ—ਹਾਂ ਤੁਸੀਂ...!**

60 ਸਾਲ ਪਹਿਲਾਂ ਭਾਰਤੀ ਲੋਕਾਂ ਨੇ ਬਰਤਾਨਵੀ ਰਾਜ ਵਲੋਂ ਜਾਰੀ ਕੀਤੇ ਦੋ ਬਿਲਾਂ ਖਿਲਾਫ਼ ਇਕ ਲਹਿਰ-ਵਿੱਢੀ—ਖਿਲਸਨ ਰੋਲਟ ਐਕਟ ਵਗੈਰਾ—! ਉਨ੍ਹਾਂ ਬਿਲਾਂ ਦਾ ਮੌਜੂਦਾ ਦਹਿਸ਼ਤਪਸੰਦਾ ਸਬੰਧੀ ਬਿਲਾਂ (ਐਕਟਾਂ) ਨਾਲ ਬਹੁਤ ਕੁੱਝ ਮਿਲਦਾ ਸੀ। ਜਨਤਕ ਦਬਾਅ ਹੇਠ ਉਨ੍ਹਾਂ 'ਚੋਂ ਇਕ ਬਿਲ ਨੂੰ ਵਾਪਸ ਲੈ ਲਿਆ ਗਿਆ ਸੀ। ਉਦੋਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਦੇਸ਼ ਭਗਤਾਂ ਨੇ ਰੋਲਟ ਐਕਟਾਂ ਵਿਰੁੱਧ ਲੜਣ ਦੀ ਕਸਮ ਖਾਧੀ ਸੀ ਕਿਉਂਕਿ ਅਨਿਆਂਪੂਰਣ, ਅਜ਼ਾਦੀ ਤੇ ਇਨਸਾਫ਼ ਨੂੰ ਖਤਮ ਕਰਣ ਵਾਲੇ, ਇਕ ਵਿਅਕਤੀ ਦੇ ਮੁੱਢਲੇ ਹੱਕਾਂ ਨੂੰ ਤਬਾਹ ਕਰਣ ਵਾਲੇ ਸਨ।

**ਅਪਣੇ ਵਲੋਂ ਨੋਟ** :—ਤੇ ਅੱਜ ਵੀ ਜਦੋਂ ਸਾਡੇ ਭਾਰਤ ਦੀ ਦਲਾਲ ਅਜਾਰੇਦਾਰੀ ਬੁਰਜ਼ੁਆਜੀ ਤਿੱਖੇ ਆਰਥਕ ਸੰਕਟ ਦੀ ਮਾਰ ਹੇਠ ਛਟਪਟਾਉਂਦੀ ਕੇਂਦਰ ਨੂੰ ਵੱਧ ਤੋਂ ਵੱਧ ਮਜ਼ਬੂਤ ਕਰਣ ਤੇ ਉਠ ਰਹੀਆਂ ਬਗਾਵਤਾਂ ਨੂੰ ਕੁਚਲਣ ਲਈ ਜਦੋਂ ਉਪਰ ਬਿਆਨੇ ਖਤਰਨਾਕ ਕਿਸਮ ਦੇ ਕਨੂੰਨ ਮਿਹਨਤਕਸ਼ ਲੋਕਾਂ 'ਤੇ ਮੜ ਰਹੀ ਹੈ ਤਾਂ ਸਾਡਾ ਫਰਜ਼ ਬਣਦੈ ਕਿ ਇਨ੍ਹਾਂ ਕਨੂੰਨਾਂ ਖਿਲਾਫ਼ ਜਮਹੂਰੀ ਅਵਾਜ਼ ਉਠਾਉਣ ਦੇ ਨਾਲ ਨਾਲ ਇਨ੍ਹਾਂ ਕਨੂੰਨਾਂ ਦੀ ਜਨਮਦਾਤੀ ਹਾਕਮ ਜਮਾਤ ਦੇ ਪੂਰਣ ਖਾਤਮੇ ਲਈ ਮਜ਼ਦੂਰ ਜਮਾਤ ਦੀ ਅਗਵਾਈ 'ਚ ਜਮਾਤੀ ਸੰਘਰਸ਼ ਤੇਜ਼ ਕਰੀਏ—ਇਹੀ ਇੱਕੋ ਇੱਕ ਰਾਹ ਹੈ।

—ਅਨੁ: ਕਵਲਜੀਤ ਖੰਨਾ


ਪਲਸ ਮੰਚ ਪ੍ਰਕਾਸ਼ਨ ਦੀਆਂ ਦੋ ਨਵੀਆਂ ਪੁਸਤਕਾਂ { **ਜਾਗ ਜਾਗ ਵੇ ਲੋਕਾ**—ਸੰਪਾਦਕ : ਗੁਰਸ਼ਰਨ ਸਿੰਘ ○ ਸੁਰਜੀਤ ਬਰਾੜ
**ਹਿਮਾਇਤੀ**—ਸੰਪਾਦਕ : ਗੁਰਬਖ਼ਸ਼ ਜੱਸ

ਫ਼ਖ਼ਰ ਜ਼ਮਾਨ ਦਾ ਮਸ਼ਹੂਰ ਨਾਵਲ **"ਬੰਦੀਵਾਨ"** ਬਹੁਤ ਜਲਦ ਆਪ ਤਕ ਪਹੁੰਚ ਰਿਹਾ ਹੈ



ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ।

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਖ਼ਤਰੇ ਦੀ ਗੱਲ

**ਜਸਵਿੰਦਰ**

ਕਿਹੜੇ ਖ਼ਤਰੇ ਦੀ ਗੱਲ ਪਏ ਕਰਦੇ ਹੋ ?
ਕਿਹੜੇ ਸੰਕਟ ਤੋਂ ਬੇਚੈਨ ਹੋ ਤੁਸੀਂ ?
ਕੌਮ ਤੇ ਛਾਏ ਬਿਪਤਾ ਦੇ ਘੋਰ ਬੱਦਲਾਂ ਦਾ
ਤੁਹਾਨੂੰ ਅਚਾਨਕ ਕਿਵੇਂ ਪਤਾ ਲੱਗਾ ?

ਜਦੋਂ ਮੈਂ ਮਾਸੂਮ ਸਾਂ
ਤੇ ਮੇਰੇ ਚਾਵਾਂ ਮਲਾਰਾਂ ਤੇ ਪੈਂਦੀ ਸੀ
ਮਜਬੂਰੀ ਦੀ ਚਪੇੜ
ਸੰਕਟ ਦੇ ਕਾਲੇ ਬੱਦਲਾਂ ਦੀ ਪਹਿਲੀ ਗਰਜ
ਮੈਂ ਉਦੋਂ ਤੋਂ ਸੁਣੀ ਹੈ।

ਜਦੋਂ ਮਿਲਖੀ ਸੇਠ ਲੈ ਗਿਆ ਸੀ ਫੜ ਕੇ
ਮੇਰੇ ਨਾਲ ਖੇਡਦੇ
ਬਾਰੂ ਕੰਮੀ ਦੇ ਘੁੱਦੂ ਦੀ ਬਾਂਹ
ਉਧਾਰ ਲਈ ਕਣਕ ਦੇ ਵਿਆਜ ਵਜੋਂ,
ਇਹ ਖ਼ਤਰੇ ਦਾ ਘੜਿਆਲ
ਮੈਂ ਉਦੋਂ ਵੀ ਸੁਣਿਆ ਸੀ।

ਉਸ ਦਿਨ ਮੈਂ ਸਕੂਲੋਂ ਆਉਂਦਾ ਸੀ
ਜਦੋਂ ਕੌਲੇ ਜੱਟ ਨੇ ਸੱਥ ਵਿਚ ਮਾਰੀ ਸੀ ਧਾਹ
ਜੀਹਦੇ ਬੋਹਲ ਦਾ ਇਕ ਇਕ ਦਾਣਾ
ਹੂੰਝ ਕੇ ਲੈ ਗਏ ਸਨ ਮੰਡੀ ਦੇ ਚੌਧਰੀ
ਤੇ ਬੂਹੇ ਤੇ ਚਿਪਕਿਆ ਪਿਆ ਸੀ
ਅਜ਼ਰਾਈਲ ਦੇ ਵਾਰੰਟਾਂ ਵਰਗਾ
ਕੁਰਕੀ ਦਾ ਨੋਟਿਸ
ਇਹ ਸੰਕਟ ਮੈਂ ਉਦੋਂ ਵੀ
ਪਰਤੱਖ ਵੇਖਿਆ ਸੀ।

ਉਸ ਵੇਲੇ ਮੈਨੂੰ ਇਹ ਸੰਕਟ
ਹੋਰ ਵੀ ਗਹਿਰਾ ਜਾਪਿਆ
ਜਦੋਂ ਜਥੇਦਾਰ ਟਹਿਲਾ ਸਿਓਂ ਨੇ
ਇਕ ਨਿਮਾਣੇ ਕਿਰਤੀ ਗੁਰਸਿੱਖ ਨੂੰ
ਕੱਢੀ ਸੀ ਮਾਂ ਦੀ ਗਾਲ
ਜੋ ਅੰਮ੍ਰਿਤ ਵੇਲੇ ਬਿਮਾਰ ਪਤਨੀ ਲਈ
ਉਧਾਰ ਮੰਗਣ ਦੀ ਗੁਸਤਾਖੀ ਕਰ ਬੈਠਾ ਸੀ।

ਇਸ ਤੋਂ ਬਾਅਦ
ਇਕ ਨਹੀਂ ਅਨੇਕਾਂ ਵਾਰ ਮੈਂ ਇਹ ਖਤਰਾ
ਮੇਰੇ ਪਿੰਡ ਦੇ ਆਲੇ ਦੁਆਲੇ ਮੰਡਲਾਉਂਦਾ ਵੇਖਿਆ।
ਪਿੰਡ ਦੇ ਮੁੰਡੇ ਹਰ ਬੇਵੱਸੀ ਤੇ
ਕਸੀਸ ਵੱਟ ਕੇ ਰਹਿ ਜਾਂਦੇ।
ਕੁੜੀਆਂ ਚਿੜੀਆਂ ਦਿਨ ਖੜੇ ਹੀ
ਆਲ੍ਹਣਿਆਂ ਵਿਚ ਸਹਿਮ ਕੇ ਵੜ ਜਾਂਦੀਆਂ।
ਬੁੱਢੇ ਠੇਰੇ ਇਸ ਨੂੰ ਘੋਰ ਕਲਯੁੱਗ ਦੀ
ਆਮਦ ਦੱਸਦੇ।
ਬੁੱਢੀਆਂ ਠੇਰੀਆਂ ਆਖਣ ਔਗਣ
ਤੁਹਾਡੇ ਪੁੱਤ ਪਿੱਟਦੀਆਂ।
ਹਰ ਚਿਹਰੇ 'ਤੇ ਅਰਮਾਨਾਂ ਦਾ ਸਿਵਾ
ਬਲ ਰਿਹਾ ਹੁੰਦਾ।
ਇਹ ਸਭ ਕੁਝ ਐਨ ਤੁਹਾਡੀ ਕੰਧ ਦੇ
ਪਰਲੇ ਪਾਰ ਹੁੰਦਾ ਰਿਹਾ।



ਤੁਸੀਂ ਕਿਥੇ ਸਓ ਉਦੋਂ
ਕੌਮ ਦੇ 'ਹਿਤੈਸ਼ੀ'
ਜਦੋਂ ਹਰ ਪਲ ਹਾਦਸਿਆਂ ਦਾ ਸ਼ਿਕਾਰ ਹੋਇਆ।
ਤੁਸੀਂ ਕਿਉਂ ਨਾ ਪੜ੍ਹੀ ਹਰ ਬੇਵੱਸ ਚਿਹਰੇ ਤੋਂ
ਸੰਕਟ ਦੀ ਦਾਸਤਾਂ।
ਹੋ ਸਕਦੈ ਤੁਸੀਂ ਕੋਈ ਬਹੁਤ ਹੀ ਜ਼ਰੂਰੀ ਮਤਾ
ਪਾਸ ਕਰਨ ਵਿਚ ਲੀਨ ਹੋਵੋ
ਜਿਸ ਵੇਲੇ ਹਰ ਘਰ ਹਰ ਖੇਤ ਦੀ ਕਹਾਣੀ
ਸੰਕਟਾਂ ਤੋਂ ਚੱਲ ਕੇ ਖ਼ਤਰਿਆਂ ਵਿਚ ਘਿਰ ਗਈ ਸੀ।
'ਏਤੀ ਮਾਰ ਪਈ ਕੁਰਲਾਣੇ...'
ਤੁਹਾਨੂੰ ਫੇਰ ਵੀ ਦਰਦ ਨਹੀਂ ਸੀ ਆਇਆ।

ਤੇ ਅੱਜ ਜਦੋਂ ਤੁਸੀਂ
ਕੌਮ ਤੇ ਬਹੁਤ ਹੀ ਭਿਆਨਕ ਘੜੀ
ਦੀ ਗੱਲ ਛੇੜੀ ਹੈ।
ਤਾਂ ਅਸੀਂ ਹੈਰਾਨ ਹਾਂ ਸਾਰੇ
ਕਿ ਤੁਸੀਂ
ਕਿਹੜੇ ਖਤਰੇ ਦੀ ਗੱਲ ਪਏ ਕਰਦੇ ਹੋ ?
ਕਿਹੜੇ ਸੰਕਟ ਤੋਂ ਬੇਚੈਨ ਹੋ ਤੁਸੀਂ ?
ਕੌਮ ਤੇ ਛਾਏ ਬਿਪਤਾ ਦੇ ਘੋਰ ਬੱਦਲਾਂ ਦਾ
ਤੁਹਾਨੂੰ ਅਚਾਨਕ ਕਿਵੇਂ ਪਤਾ ਲੱਗਾਂ ?

o

# ਤੇਲੰਗਾਨਾ ਦੀ ਪੈੜ

**ਬਲਬੀਰ ਪਰਵਾਨਾ**

ਉਂਜ ਤਾਂ ਮੇਰਾ ਪਿੰਡ ਵੀ ਸ਼ਾਮਲ ਹੈ ਉਸ ਭਾਰਤ ਵਿਚ
ਜਿਹੜਾ ਬਹੁਤ ਹੀ ਮਹਾਨ ਹੈ
ਪਾਠ-ਪੁਸਤਕਾਂ ਦੇ ਸਫ਼ਿਆਂ ਤੋਂ ਲੈ
ਰੇਡੀਓ, ਟੀ. ਵੀ. ਦੇ ਲਚਰ ਜਹੇ ਪਰੋਗਰਾਮਾਂ ਤਕ
ਤੇ ਜਿਹਦੇ ਸੰਵਿਧਾਨ ਦੀਆਂ ਧਾਰਾਵਾਂ ਵਿਚ ਕੈਦ ਹੈ ਬਰਾਬਰੀ
ਜਾਂ ਪਾਰਲੀਮੈਂਟ ਦੀਆਂ ਗੂੰਗੀਆਂ ਬਹਿਰੀਆਂ ਕੰਧਾਂ ਵਿਚ

ਪਰ ਬਿਨਾਂ ਕਿਸੇ ਕਮਰੇ ਵਾਲੇ

ਅੰਬ ਦੀ ਛਾਂ ਹੇਠ ਲਗਦੇ ਮੇਰੇ ਪਿੰਡ ਦੇ ਸਕੂਲ 'ਚ
ਨਾ ਅਧਿਆਪਕ ਦੇ ਬੈਠਣ ਲਈ ਹੈ ਕੋਈ ਕੁਰਸੀ
ਨਾ ਬੱਚਿਆਂ ਦੇ ਬਹਿਣ ਲਈ ਟਾਟ
ਜ਼ਿੰਦਗੀ ਅੱਕੀ ਪਈ ਹੈ ਪਿੰਡ ਦੀਆਂ ਗਲੀਆਂ 'ਚ
ਤੇ ਭੁਖ ਉਗਲਦੇ ਸਿਆੜਾਂ 'ਚ

ਸੰਵਿਧਾਨ ਦੀਆਂ ਧਾਰਾਵਾਂ
ਸਿਰਫ਼ ਉਦੋਂ ਹਰਕਤ ਵਿਚ ਆਉਂਦੀਆਂ ਹਨ
ਜਦੋਂ ਪੜ੍ਹ ਲੈਂਦੀਆਂ ਹਨ
ਕਿਸੇ ਅੱਕੀ ਪਈ ਅੱਖ 'ਚ ਸੁਲਗਦਾ ਸੁਪਨਾ
ਤੇ ਫਿਰ ਉਸ ਸੁਪਨੇ ਨੂੰ ਕਤਲ ਕਰਨ ਦਾ
ਵਰਤਿਆ ਜਾਂਦਾ ਹੈ ਹਰ ਹੀਲਾ

ਤੇਲੰਗਾਨਾ ਤੋਂ ਨਕਸਲਬਾੜੀ ਤਕ
ਸੰਵਿਧਾਨ ਨੇ ਸਦਾ ਈ
ਸੁਪਨਿਆਂ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਹੈ

ਪਰ ਸੁਪਨੇ ਕਤਲ ਨਾ ਹੋ ਸਕੇ
ਇਹਨਾਂ ਦੀ ਹੋਂਦ ਓਦੋਂ ਵੀ ਚੈਲਿੰਜ ਸੀ
ਰਾਜਧਾਨੀ ਦੇ ਉਸ ਬਹਿਰੂਪੀਏ ਹਾਕਮ ਨੂੰ
ਤੇ ਅੱਜ ਵੀ ਚੈਲਿੰਜ ਹੈ

ਇਹ ਕਦੀ ਤੇਲੰਗਾਨਾ ਬਣਕੇ ਉਠਦੇ ਹਨ
ਕਦੀ ਨਕਸਲਬਾੜੀ ਬਣਕੇ
ਤੇ ਤੁਰਦੇ ਹਨ ਹੱਥਾਂ 'ਚ ਫੜ ਬਲਦੀਆਂ ਮਸ਼ਾਲਾਂ
ਬੇਨੂਰ ਚਿਹਰਿਆਂ ਨੂੰ ਰੁਸ਼ਨਾਉਣ ਦਾ ਸੰਕਲਪ ਲੈ
ਖੇਤਾਂ ਦੇ ਰਾਹ
ਪਿੰਡਾਂ ਦੇ ਰਾਹ
ਸ਼ਹਿਰਾਂ ਦੇ ਰਾਹ

ਜਾਂ ਉਸ ਭਾਰਤ ਦੇ ਰਾਹ
ਜਿਹੜਾ ਸੰਵਿਧਾਨ ਦੀਆਂ ਧਰਾਵਾਂ ਤੋਂ ਬਾਹਰ
ਅਣਗੌਲਿਆ ਪਿਆ ਹੈ
ਤੇ ਗੁਰਬਤ ਦੀਆਂ ਜ਼ੰਜੀਰਾਂ 'ਚ ਜਕੜਿਆ ਹੋਇਆ

o

## ਸੰਗਰਾਮ ਸਾਡੀ ਜ਼ਿੰਦਗੀ ਬੰਦਗੀ ਸੰਗਰਾਮ ਹੈ

### ਧਰਮ ਪਾਲ ਉਪਾਸ਼ਕ

ਇਕ ਉਹ ਸਮਾਂ ਸੀ ਸੂਲੀ ਉੱਤੇ ਜਾਨ ਸੀ।
ਨਾ ਕਿਰਤੀਆਂ ਨੂੰ ਹੱਕ ਦੀ ਪਹਿਚਾਨ ਸੀ।
ਜਾਮ ਦੇ ਵਿਚ ਖ਼ੂਨ ਸਾਡੀ ਕਿਰਤ ਦਾ।
ਪੂੰਜੀਪਤੀ ਸੀ ਦਿਨੇ ਰਾਤੀਂ ਡੀਕਦਾ।
ਗੁਲਾਮ ਬਣਕੇ ਰਹਿ ਰਹੇ ਸਾਂ ਹਰ ਘੜੀ।
ਮੌਤ ਰਹਿੰਦੀ ਸੀ ਸਦਾ ਸਿਰ ਤੇ ਖੜੀ।
ਮਸ਼ੀਨ ਬਣਕੇ ਰਹਿ ਗਿਆ ਮਜ਼ਦੂਰ ਸੀ।
ਆਦਮੀ ਤੋਂ ਆਦਮੀ ਮਜਬੂਰ ਸੀ।
ਅੱਖ ਜੇ ਕੋਈ ਚੁੱਕਦਾ ਸਿਰ ਵੱਖ ਸੀ
ਮੁੱਲ ਸਾਡੀ ਮਿਹਨਤਾਂ ਦਾ ਕੱਖ ਸੀ।
ਤਨ ਤੇ ਲੀਰਾਂ ਬੁੱਕ ਦਿਲ ਤੇ ਸੋਗ ਸੀ।
ਖਾ ਰਿਹਾ ਹੱਡਾਂ ਨੂੰ ਗਮ ਦਾ ਰੋਗ ਸੀ।
ਚੌਵੀ ਘੰਟੇ ਦੀ ਮੁਸ਼ੱਕਤ ਜਾਨ ਤੇ।
ਟੇਕ ਰਹਿੰਦੀ ਸੀ ਸਦਾ ਭਗਵਾਨ ਤੇ।
ਬੋਲਬਾਲਾ ਹਰ ਜਗ੍ਹਾ ਤੇ 'ਜ਼ਾਰ' ਦਾ
ਕਿਰਤੀਆਂ ਦੇ ਸੱਟ ਦਿਲ ਤੇ ਮਾਰਦਾ।
ਕਾਨੂੰਨ ਸਾਡੀ ਹਿਕ ਤੇ ਸੀ ਬੇ-ਲਗਾਮ।
ਸੱਚ ਬੋਲਣ ਦਾ ਇਵੇਂ ਮਿਲਦਾ ਅੰਜਾਮ।
ਗ਼ਮ ਦੇ ਬੱਦਲ ਹੰਝੂਆਂ ਦੀ ਝੜੀ
ਨਾਗ ਬਣਕੇ ਡੱਸਦੀ ਸੀ ਹਰ ਘੜੀ।
ਘਰ ਵੀ ਬਣਕੇ ਰਹਿ ਗਏ ਸ਼ਮਸ਼ਾਨ ਸੀ।
ਕੱਖ ਬਣਕੇ ਉੱਡ ਰਹੇ ਅਰਮਾਨ ਸੀ।
ਸੱਚ ਦੇ ਮੱਥੇ ਜੋ ਫੁੱਟਿਆ ਕੋੜ੍ਹ ਸੀ
ਦੂਰ ਕਰਨਾ ਜ਼ਿੰਦਗੀ ਦੀ ਲੋੜ ਸੀ।
ਅੱਤ ਹੋਈ ਜਬਰਾਂ ਦੀ ਮੰਦਾ ਹਾਲ ਸੀ।
ਸਾਡੇ ਅੰਦਰ ਜਾਗਿਆ ਫਿਰ ਖਿਆਲ ਸੀ।
ਖ਼ੂਨ ਡੁਲ੍ਹੇ ਦੀ ਜਦੋਂ ਆਈ ਪਛਾਣ।
ਸਾਡੀ ਤਲੀ ਤੇ ਨੱਚਿਆ ਆ ਕੇ ਤੂਫਾਨ।
ਅੱਖ ਤੀਜੀ ਜਾਂ ਖੁਲ੍ਹੀ ਮਜ਼ਦੂਰ ਦੀ।
ਹੱਕ ਆਪਣਾ ਲੈਣ ਤੇ ਮਜਬੂਰ ਸੀ।
ਤੋੜਿਆ ਸੋਚਾਂ ਦੇ ਨਾਲੋਂ ਕਰਮ ਨੂੰ।
ਦੂਰ ਕੀਤਾ ਜ਼ਿੰਦਗੀ 'ਚੋਂ ਭਰਮ ਨੂੰ।
ਮਚਲਦੇ ਦਰਿਆ ਦੀਆਂ ਰਮਜ਼ਾਂ ਜਾਣੀਆਂ।
ਤੋਰ ਫੜੀ ਫਿਰ ਖਲੋਤੇ ਪਾਣੀਆਂ।
ਇੰਜ ਸਮੇਂ ਦੀ ਮਾਰ ਨੇ ਸੀ ਚੰਡੀਆਂ।
ਆਣ ਰਾਹ ਵਿਚ ਰਲ ਗਈਆਂ ਪਗ-ਡੰਡੀਆਂ।
ਧੜਕੀਆਂ ਲੱਖ ਧੜਕਨਾ ਜਾਂ ਨਾਲ ਨਾਲ।
ਜਜ਼ਬਿਆਂ ਦੀ ਸਾਂਝ ਨੇ ਖਾਧਾ ਉਬਾਲ।
ਸੱਚ ਦੇ ਚਿਹਰੇ ਤੇ ਚੜ੍ਹੀਆਂ ਲਾਲ੍ਹੀਆਂ।
ਝੁੱਗੀਆਂ ਵਿਚ ਟਹਿਕੀਆਂ ਖੁਸ਼ਹਾਲੀਆਂ।
ਹੱਕ ਕਿਵੇਂ ਲੈਣਾ ਹੈ ਹੱਕਦਾਰ ਨੇ।
ਜਾਚ ਦਸੀ ਹੈ ਸਾਨੂੰ ਤਲਵਾਰ ਨੇ।
ਬਾਰੂਦ ਬਣਕੇ ਪਰਬਤਾਂ ਨੂੰ ਤੋੜਨਾ।
ਮੂੰਹ ਤੂਫਾਨਾ ਦਾ ਵੀ ਆਉਂਦੇ ਮੋੜਨਾ।
ਅਸਾਂ ਚਿੱਟੇ ਨੂੰ ਚੜ੍ਹਾਈਆਂ ਲਾਲ੍ਹੀਆਂ।
ਗੋਲੀਆਂ ਛਾਤੀ 'ਚ ਹੱਸਕੇ ਖਾ ਲੀਆਂ।
ਰਲ ਕੇ ਚਿੜੀਆਂ ਖੰਭ ਤੋੜੇ ਬਾਜ ਦੇ।
ਉੱਡ ਗਏ ਰੂੰ ਵਾਂਗ ਤੂੰਬੇ ਤਾਜ ਦੇ।
ਗੀਤ ਹਾਂ ਸਭ ਹੋਣੀਆਂ ਦੇ ਕਹਿਰ ਦਾ।

ਬਿਜਲੀਆਂ ਦੇ ਤਾਲ ਸੰਗ ਜੋ ਲਹਿਰਾਂਦਾ ।
ਫੋਲਦੇ ਹਾਂ ਹੁਣ ਜਦੋਂ ਇਤਿਹਾਸ ਨੂੰ ।
ਜੋਸ਼ ਮਿਲਦਾ ਹੈ ਸਾਡੇ ਅਹਿਸਾਸ ਨੂੰ ।
ਸੰਘਰਸ਼ ਸਾਡਾ ਸ਼ੁਰੂ ਹੈ ਮੁੱਕਿਆ ਨਹੀਂ ।
ਨਿਸ਼ਾਨਾ ਸਾਡੀ ਅੱਖ 'ਚੋਂ ਉਕਿਆ ਨਹੀਂ
ਪੂੰਜੀਪਤੀ ਦੀ ਚਾਲ ਨੂੰ ਹਾਂ ਜਾਣਦੇ ।
ਹੋ ਰਹੇ ਹਾਂ ਹੁਣ ਸਮੇਂ ਦੇ ਹਾਣ ਦੇ ।
ਖੂਨ ਦੇ ਕੇ ਸਿਰਜਿਆ ਇਤਿਹਾਸ ਮਰਦਾ ਨਹੀਂ ।
ਉਹ ਰੁੱਖ ਹਾਂ ਜੋ ਝੱਖੜੀਂ ਹੈਰਦਾ ਨਹੀਂ ।

ਸੱਚ ਸਦਕਾ ਮੌਤ ਨੂੰ ਪਰਨਾਉਣ ਤੇ ਮਸ਼ਹੂਰ ਹਾਂ ।
ਜੋ ਇਨਕਲਾਬਾਂ ਦਾ ਧੁਰਾ ਮਜ਼ਦੂਰ ਹਾਂ ।
ਮਚਲ ਰਿਹਾ ਸਮੇਂ ਦੇ ਸੀਨੇ ਭੁਚਾਲ ।
ਟੋਇਆਂ ਦੇ ਪੇਟ ਭਰਨੇ ਟਿੱਬਿਆਂ ਦੀ ਰੇਤ ਨਾਲ
ਹੁਣ ਸਮਾਂ ਹੈ ਅੱਖ ਵਿਚ ਪਹਿਚਾਨ ਹੈ ।
ਹੱਕ ਖਾਤਰ ਹੁਣ ਨਸ਼ਾਵਰ ਜਾਨ ਹੈ ।
ਸੰਗਰਾਮ ਸਾਡੀ ਜ਼ਿੰਦਗੀ ਬੰਦਗੀ ਸੰਗਰਾਮ ਹੈ ।
ਸੰਗਰਾਮ ਬਾਝੋਂ ਸੱਚ ਦੀ ਜ਼ਿੰਦਗੀ ਨਾਕਾਮ ਹੈ ।

—(ਮਹਾਂ ਕਾਵਿ ਮਹਾਨ ਲੈਨਿਨ ਵਿਚੋਂ)

ਇਕ ਨਿੱਕੀ ਕਹਾਣੀ

## ਸ਼ਾਹੂਕਾਰਾ / ਅਵਤਾਰ ਓਠੀ

ਜੀਤੋ ਵਿਚਾਰੀ ਮਸਾਂ ਹੱਡ ਭੰਨ ਕੇ ਦੋ ਘਰਾਂ ਦਾ ਗੋਹਾ ਕਰਦੀ ਸੀ । ਇਸ ਤਰ੍ਹਾਂ ਕਰਦੀ ਉਸਦੀ ਸਾਰੀ ਉਮਰ ਬੀਤ ਚੱਲੀ ਸੀ । ਡੰਗਰਾਂ ਦੇ ਮੂਤ ਨੂੰ ਸਿਰ ਵਿਚ ਪਾਉਂਦੀ ਨੂੰ ਲਗ ਭਗ 40 ਸਾਲ ਹੋ ਚੱਲੇ ਸੀ । ਉਸ ਨੇ ਤਾਂ ਆਪਣੇ ਬਚਪਨ ਵਿਚ ਵੀ ਸੁੱਖ ਨਹੀਂ ਸੀ ਵੇਖਿਆ । ਛੋਟੇ ਹੁੰਦਿਆਂ ਪਹਿਲਾਂ ਮਾਂ ਨਾਲ ਗੋਹਾ ਕਰਦੀ ਸੀ । ਫਿਰ ਵਿਆਹ ਹੋ ਗਿਆ ਤੇ ਫਿਰ ਉਹੀ ਸਿਆਪਾ ਕਰਦੀ ਰਹੀ । ਉਸ ਨੇ ਵਿਆਹ ਤੋਂ ਬਾਦ ਵਿਚ ਵੀ ਕੋਈ ਸੁਖ ਦਾ ਦਿਨ ਨਹੀਂ ਦੇਖਿਆ । ਇਕ ਪਾਸੇ ਤਾਂ ਘਰ ਵਾਲਾ ਤਪਦਿਕ ਦਾ ਮਰੀਜ਼ ਸੀ । ਦੂਜੇ ਪਾਸੇ ਚਾਰ ਬੱਚੇ ਹੋ ਗਏ ਸਨ । ਘਰ ਵਾਲਾ ਤਾਂ ਆਪਣੀ ਬੀਮਾਰੀ ਨਾਲ ਲੜਦਾ ਮਰ ਗਿਆ । ਜੀਤੋ ਦੀ ਹੋਰ ਖਾਨਿਓਂ ਜਾਂਦੀ ਰਹੀ । ਜਦ ਉਸ ਤੇ ਚਾਰ ਪੁੱਤਰ ਧੀਆਂ ਦਾ ਬੋਝ ਆਣ ਪਿਆ ।

ਜੀਤੋ ਅਜੇ ਜੁਆਨ ਸੀ ਜਦੋਂ ਉਸ ਦਾ ਘਰ ਵਾਲਾ ਗੁਜ਼ਰ ਗਿਆ ਸੀ । ਪਰ ਜੀਤੋ ਆਪਣੀ ਕਿਸਮਤ ਅੱਗੇ ਹਾਰੀ ਨਹੀਂ ਸੀ । ਉਸਨੇ ਉਸ ਹਾਲਾਤ ਦਾ ਬੜੀ ਦਲੇਰੀ ਨਾਲ ਮੁਕਾਬਲਾ ਕੀਤਾ । ਤੇ ਹਰ ਮੁਸੀਬਤ ਨੂੰ ਜੀ ਆਇਆਂ ਆਖਿਆ । ਫਿਰ ਜੀਤੋ ਨੇ ਆਸਤੇ ਆਸਤੇ ਆਪਣੇ ਵੱਡੇ ਦੋਹਾਂ ਪੁੱਤਰਾਂ ਦੇ ਵਿਆਹ ਚੰਗੇ ਮੰਦੇ ਕਰ ਦਿੱਤੇ ਤੇ ਆਪਣੇ ਸਿਰ ਦਾ ਭਾਰ ਹੌਲਾ ਕੀਤਾ । ਪਿਛੇ ਹੁਣ ਜੀਤੋ ਦਾ ਇਕ ਪੁੱਤਰ ਤੇ ਇਕ ਧੀ ਰਹਿ ਗਏ ਸਨ । ਵਿਆਹੇ ਦੋਵੇਂ ਅੱਡ ਹੋ ਗਏ ਤੇ ਮਸਾਂ ਆਪਣਾ ਆਪਣਾ ਗੁਜ਼ਾਰਾ ਕਰਦੇ ਸਨ । ਜੀਤੋ ਦਾ ਛੋਟਾ ਪੁੱਤਰ ਜਿਹੜਾ ਵਿਹਾਉਣ ਵਾਲਾ ਸੀ, ਉਹ ਪਿੰਡ ਦੇ ਸਰਪੰਚਾਂ ਨਾਲ ਆਥੜੀ ਕਰਦਾ ਸੀ । ਸਰਪੰਚਾਂ ਨੇ ਕੰਮ ਦਿਆਂ ਮਾਰਿਆਂ ਨੇ ਉਸ ਨੂੰ ਅਫੀਮ ਖੁਆ ਦਿਆ ਕਰਨੀ, ਤੇ ਸਾਰੀ ਦਿਹਾੜੀ ਕੰਮ ਕਰਵਾਉਂਦੇ ਰਹਿਣਾ । ਇਸ ਤਰ੍ਹਾਂ ਉਹਨਾਂ ਨੇ ਇਕ ਖਿੜ ਰਹੇ ਫੁੱਲ ਨੂੰ ਖਿੜਨ ਤੋਂ ਪਹਿਲਾਂ ਹੀ ਮਧੋਲ ਦਿਤਾ । ਉਹ ਵੀ ਅਫੀਮ ਦੇ ਨਸ਼ੇ ਵਿਚ ਪੈਰ ਭੁੰਜੇ ਨਾ ਲਾਉਂਦਾ । ਫਿਰ ਅਫੀਮ ਉਸ ਨੂੰ ਪੱਕੀ ਲੱਗ ਗਈ ।

ਅਫੀਮ ਖਾਣ ਨਾਲ ਉਸ ਦਾ ਸਰੀਰ ਸੁੱਕ ਕੇ ਤੀਲਾ ਹੋਣਾ ਸ਼ੁਰੂ ਹੋ ਗਿਆ । ਜਦੋਂ ਜੀਤੋ ਨੂੰ ਪਤਾ ਲੱਗਾ ਓਦੋਂ ਪੰਛੀ ਜਾਲ ਵਿਚੋਂ ਉੱਡ ਚੁਕਾ ਸੀ । ਜੀਤੋ ਬੜਾ ਰੋਈ ਕੁਰਲਾਈ ਪਰ ਉਸ ਦੇ ਕੁਰਲਾਉਣ ਦਾ ਹੁਣ ਕੋਈ ਫਾਇਦਾ ਨਹੀਂ ਸੀ । ਹੁਣ ਉਹ ਅਫੀਮ ਤੋਂ ਬਗੈਰ ਜ਼ਿੰਦਾ ਨਹੀਂ ਸੀ ਰਹਿ ਸਕਦਾ । ਅਫੀਮ ਉਸ ਦੀ ਹੁਣ ਸਾਥਣ ਬਣ ਗਈ ਸੀ । ਜੀਤੋ ਸਰਪੰਚਾਂ ਨੂੰ ਗਾਲ੍ਹਾਂ ਕਢਦੀ, "ਤੁਹਾਡਾ ਕੱਖ ਨਾ ਰਹੇ ਮੇਰੇ ਪੁਤ ਨੂੰ ਅਫੀਮ ਲਾਉਣ ਵਾਲਿਓ ।" ਪਰ ਉਹ ਤੇ ਹੁਣ ਤੱਕ ਅਮਰੀਕਾ ਦੇ ਸ਼ਹਿਰੀ ਬਣ ਚੁਕੇ ਸੀ । ਉਨ੍ਹਾਂ ਨੂੰ ਕੀ ਖਬਰ ਕਿ ਜਿਸ ਨੂੰ ਉਹਨਾਂ ਅਫੀਮ ਲਾਈ ਸੀ ਉਸਦਾ ਕੀ ਹਾਲ ਹੈ । ਜੀਤੋ ਨੂੰ ਹੁਣ ਪਤਾ ਸੀ ਕਿ ਉਸਦਾ ਵਿਆਹ ਨਹੀਂ ਹੋਣਾ । ਇਸ ਲਈ ਉਹ ਹੁਣ ਉਸਦੇ ਵਿਆਹ ਦਾ ਬਹੁਤਾ ਫਿਕਰ ਨਾ ਕਰਦੀ । ਜੀਤੋ ਕਈ ਵਾਰੀ ਆਪਣੇ ਆਪ ਨੂੰ ਕੋਸਦੀ—ਕਾਹਨੂੰ ਜੰਮਣਾ ਸੀ ਤੂੰ ਇਸ ਤਰਾਂ ਦਾ ਅਫੀਮੀ । ਧੀਰਾ ਹੁਣ ਆਪਣੀ ਆਥੜੀ ਦੀ ਮਸਾਂ ਅਫੀਮ ਹੀ ਖਾਂਦਾ ਸਗੋਂ ਕਈ ਵਾਰੀ ਟੁੱਟ ਜਾਂਦਾ ਤਾਂ, ਜੀਤੋ ਦੇ ਵੀ ਜੋੜੇ ਪੈਸੇ ਲੈ ਜਾਂਦਾ ਤੇ ਅਫੀਮ ਖਾ ਲੈਂਦਾ ਸੀ । ਜੇ ਕੋਈ ਭਾਂਡਾ ਹੱਥ ਲੱਗ ਜਾਂਦਾ ਤਾਂ, ਉਸ ਵੀ ਕੋਈ ਖੈਰ ਨਹੀਂ ਜੀਤੋ ਗਾਲ੍ਹਾਂ ਕੱਢਦੀ ਤੇ ਕਹਿੰਦੀ, ਕਿ ਤੂੰ ਤਾਂ ਧੀਰਿਆ ਜੇ ਨਾ ਜੰਮਦਾ ਤਾਂ ਚੰਗਾ ਸੀ ।" ਹੁਣ ਜੀਤੋ ਨੂੰ ਉਸ ਦਾ ਕੋਈ ਫ਼ਿਕਰ ਨਹੀਂ ਸੀ । ਉਸ ਨੂੰ ਆਪਣੀ ਧੀ ਗੁੱਡੀ ਦਾ ਫ਼ਿਕਰ ਰਹਿੰਦਾ ਕਿ ਕਿਸੇ ਤਰਾਂ ਉਹ ਉਸ ਦੇ ਫੇਰੇ ਦੇ ਦੇਵੇ ।

ਪਰ ਜੀਤੋ ਪਲ ਵਿਚ ਹੀ ਝੰਜੋੜੀ ਜਾਂਦੀ ।
ਹਾਏ ਘਰ ਵਿਚ ਤੇ ਕੋਈ ਜੁੱਲੀ ਵੀ ਨਹੀਂ ।
ਵਿਆਹ ਕਿਸ ਤਰ੍ਹਾਂ ਹੋਵੇਗਾ ।"

ਭੁੱਖ ਦੇ ਸਾਏ ਥੱਲੇ ਪਲੀ ਗੁੱਡੀ ਦਾ ਰੂਪ ਤੇ ਚੰਦਰੀ ਭੁਖ ਨੇ ਹੀ ਨਿਗਲ ਲਿਆ ਸੀ ।

ਅੱਗੇ ਗੁੱਡੀ ਦੋ ਵਾਰ ਮੰਗੀ ਸੀ । ਮੁੰਡੇ ਵਾਲੇ ਵਿਆਹ ਮੰਗਦੇ ਤਾਂ ਜੀਤੋ ਵਿਆਹ ਅੱਗੇ ਪਾਉਣ ਲਈ

ਆਖਦੀ। ਉਹ ਚਾਹੁੰਦੀ ਸੀ ਕਿ ਮੈਂ ਆਪਣੀ ਸੇਪ ਦੇ ਦੋ ਪੈਸੇ ਜੋੜ ਕੇ ਜੰਝ ਨੂੰ ਰੋਟੀ ਖਵਾਊਂਗੀ ਤੇ ਗੁੱਡੀ ਨੂੰ ਵਿਦਾ ਕਰ ਦੇਵਾਂਗੀ। ਪਰ ਵਿਚਾਰੀ ਦੀ ਕੋਈ ਪੇਸ਼ ਨਾ ਜਾਂਦੀ ਜਦ ਸਾਲ ਲੰਘ ਗਿਆ ਤਾਂ ਮੁੰਡੇ ਵਾਲਿਆਂ ਨੇ ਵਿਆਹ ਲਈ ਜ਼ੋਰ ਪਾਇਆ ਕਿ ਵਿਆਹ ਦੇਵੋ। ਪਰ ਜੀਤੋ 'ਕੋਲ ਤੇ ਟੁੱਟੀ ਕੋਡੀ ਵੀ ਨਹੀਂ ਸੀ। ਉਹ ਵਿਚਾਰੀ ਤੇ ਤਨ ਦੇ ਕੱਪੜਿਆਂ ਨੂੰ ਵੀ ਤਰਸ ਰਹੀ ਸੀ।

ਪੁੱਤਰ ਵੱਡੇ ਅੱਡ ਸਨ। ਉਹ ਵੀਚਾਰੇ ਵੀ ਕੀ ਕਰਦੇ ਮਸਾਂ ਆਪਣਾ ਟੱਬਰ ਹੀ ਪਾਲਦੇ ਸਨ। ਅੰਤ ਨੂੰ ਸਾਕ ਟੁੱਟ ਗਿਆ ਤੇ ਜੀਤੋ ਵਿਚਾਰੀ ਦੀ ਖਾਨਿਓ ਜਾਂਦੀ ਰਹੀ। ਉਹ ਸੋਚਾਂ ਵਿਚ ਹਮੇਸ਼ਾਂ ਡੁੱਬੀ ਰਹਿੰਦੀ ਕਿ ਇਸ ਛੱਟ ਨੂੰ ਹੁਣ ਕੌਣ ਮੰਗੇਗਾ। ਵਿਚਾਰੀ ਸਿਰ ਤੇ ਕੂੜੇ ਦੀ ਭਾਰੀ ਟੋਕਰੀ ਚੁਕ ਕੇ ਕਈ ਵਾਰੀ ਸੋਚਾਂ ਵਿਚ ਪਈ ਤੁਰੀ ਜਾਂਦੀ। ਠੇਡਾ ਲੱਗ ਕੇ ਡਿੱਗ ਪੈਂਦੀ ਤੇ ਕਿਤੇ ਸੱਟ ਲੱਗਣ ਨਾਲ ਫਿਰ ਵੀ ਤੁਰ ਪੈਂਦੀ! ਵਿਚਾਰੀ ਕਰਦੀ ਵੀ ਕੀ ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ।

ਫਿਰ ਕੁੜੀ ਦੀ ਮੰਗਣੀ ਹੋਈ ਤੇ ਉਸ ਨੇ ਬਾਰਾਂ ਵੀਹਾਂ ਭੁਖੀ ਰਹਿ ਰਹਿ ਕੇ ਜੋੜੇ ਸੀ ਤੇ ਚਾਰ ਸੌ ਰੁਪਏ ਉਸਨੇ ਆਪਣੇ ਇਕ ਸੇਪੀ ਕੋਲੋਂ ਦੱਸਾ ਰੁਪਈਏ ਨੂੰ ਮਹੀਨੇ ਦੇ ਵਿਆਜ ਤੇ ਲੈ ਲਏ। ਕੁੜੀ ਦਾ ਵਿਆਹ ਦੇ ਦਿਤਾ। ਕੁੜੀ ਵਿਆਹੀ ਗਈ ਤੇ ਜੀਤੋ ਬੜੀ ਖੁਸ਼ ਸੀ ਮੈਂ ਆਪਣਾ ਭਾਰ ਸਿਰ ਤੋਂ ਲਾ ਦਿਤਾ। ਤੇ ਮਨ ਵਿਚ ਗੁੱਡੀ ਨੂੰ "ਅਸੀਸਾਂ ਦੇ ਰਹੀ ਸੀ ਕਿ ਤੂੰ ਅਗਲੇ ਘਰ ਸੁਖੀ ਤੇ ਖੁਸ਼ੀ ਵੱਸੇਂ।" ਜੀਤੋ ਇੰਨੀ ਖੁਸ਼ ਸੀ ਕਿ ਭੁੰਜੇ ਪੈਰ ਨਹੀਂ ਲਾਉਂਦੀ।

ਪਰ ਵਿਚਾਰੀ ਜੀਤੋ ਨੂੰ ਇਹ ਪਤਾ ਨਹੀਂ ਸੀ ਕਿ ਉਸਦੀ ਕੀ ਹਾਲਤ ਹੋਵੇਗੀ। ਅੱਗੇ ਤੇ ਕੁੜੀ ਕੋਈ ਹੱਥ ਪੱਲਾ ਮਰਵਾ ਦਿੰਦੀ ਸੀ। ਹੁਣ ਉਹ ਇਕੱਲੀ ਹੀ ਦੋ-ਤਿੰਨ ਘਰਾਂ ਦਾ ਗੋਹਾ ਕਰਦੀ ਸੀ। ਉਹ ਬਾਕੀ ਦੋ ਘਰਾਂ ਦੀ ਵੀ ਕੀਤੀ ਮੇਹਨਤ ਉਸ ਘਰ ਦੇ ਜਾਂਦੀ। ਜਿਸ ਤੋਂ ਉਸ ਨੇ ਵਿਆਜੀ ਪੈਸੇ ਲਏ ਸੀ। ਇਸ ਤਰ੍ਹਾਂ ਚਾਰ ਸਾਲ ਬੀਤ ਗਏ। ਪੈਸੇ ਫਿਰ ਉਨੇ ਦੇ ਉਨੇ ਹੀ। ਚਾਰ ਸਾਲਾਂ ਵਿਚ ਨਾ ਤਾਂ ਉਨ੍ਹਾਂ ਸੇਪੀਆਂ ਤੇ ਨਾ ਕਿਸੇ ਹੋਰ ਸੇਪੀ ਦਾ ਕੋਈ ਦਾਣਾ ਘਰ ਖੜਿਆਂ ਸੀ। ਉਹ ਸਾਰੇ ਹੀ ਦਾਣੇ ਤੇ ਹੋਰ ਕਮਾਈ ਆਪਣੇ ਸ਼ਾਹੂਕਾਰ ਸੇਪੀਆਂ ਨੂੰ ਦੇ ਜਾਂਦੀ। ਪਰ ਵਿਚਾਰੀ ਦੇ ਪੈਸੇ ਕੋਈ ਉਤਰਦੇ ਨਾ ਸਗੋਂ ਹੋਰ ਚੜ੍ਹ ਜਾਂਦੇ। ਜੀਤੋ ਹਮੇਸ਼ਾਂ ਕਰਜ਼ੇ\ ਦੇ ਗ਼ਮ ਨਾਲ ਸੋਚਾਂ ਵਿਚ ਡੁਬੀ ਰਹਿੰਦੀ।

ਜੀਤੋ ਦਾ ਸੁਭਾ ਹੱਸਮੁਖਾ ਸੀ, ਉਹ ਹਮੇਸ਼ਾ ਇੰਨੀ ਤੰਗੀ ਵਿਚ ਵੀ ਖੁਸ਼ ਰਹਿੰਦੀ। ਤੇ ਆਖ ਛੱਡਦੀ।

"ਵਾਹਿਗੁਰੂ ਆਪੇ ਹੀ ਲਾਹ ਦੇਵੇਗਾ।"

ਉਸ ਨੂੰ ਤੱਕ ਕੇ ਕਾਕੂ ਨੂੰ ਬੜਾ ਦੁਖ ਹੁੰਦਾ। ਜਿਹੜਾ ਉਸ ਦੇ ਸੇਪੀ ਦਾ ਗੁਆਂਢੀ ਸੀ। ਜੀਤੋ ਨੂੰ ਉਸ ਦੀ ਸੇਪਣ ਬਹੁਤ ਊਲ ਜਲੂਲ ਕਹਿੰਦੀ।

ਕੰਮੀ ਨੂੰ ਸਿਰ ਤੇ ਨਹੀਂ ਚੜ੍ਹਾਉਦਾ ਚਾਹੀਦਾ। ਇਨ੍ਹਾਂ ਦਾ ਲੈਣੇ ਵਾਰੀ ਮੂੰਹ ਹੋਰ ਹੁੰਦਾ ਤੇ ਦੇਣ ਵਾਰੀ ਹੋਰ ਹੁੰਦਾ।"

ਉਹ ਕਈ ਵਾਰੀ ਆਖਦੀ।

"ਕੰਮੀ ਤੇ ਪੈਰ ਦੀ ਜੁੱਤੀ ਹੁੰਦਾ ਹੈ। ਇਸਨੂੰ ਪੈਰ ਵਿਚ ਹੀ ਰੱਖਣਾ ਚਾਹੀਦਾ ਹੈ। ਚੁੜ੍ਹੇ ਤਾਂ ਆਫਰ ਗਏ ਨੇ ਕੀ ਮਜਾਲ ਹੈ ਕਿਸੇ ਦੇ ਕੰਮ ਨੂੰ ਹੱਥ ਲਾਉਣ ਪੂਰੇ 15 ਰੁਪਈਏ ਦਿਹਾੜੀ ਮੰਗਦੇ।"

ਜੀਤੋ ਵੀਚਾਰੀ ਕੰਨ ਵਲੇਹਟ ਕੇ ਕੰਮ ਕਰਦੀ ਰਹਿੰਦੀ। ਜੇ ਉਹਨਾਂ ਨੇ ਰੋਟੀ ਕੋਈ ਦਿਤੀ ਹੈ ਤਾਂ ਵੀ ਠੀਕ ਨਹੀਂ ਦਿਤੀ ਤਾਂ ਵੀ ਠੀਕ ਉਸ ਦੀ ਸ਼ਾਹੂਕਾਰ ਸੇਪਣ ਰੋਜ਼ ਆਖਦੀ, "ਜੀਤੋ ਸਾਡੇ ਪੈਸੇ ਮੋੜ ਦੇ ਸਾਨੂੰ ਲੜ ਹੈ। ਅਜੇ ਤੇਰੇ ਵੱਲ ਪੰਜ ਸੌ ਬਾਕੀ ਨੇ। ਜੀਤੋ ਕੁਝ ਨਾ ਬੋਲਦੀ। ਉਹ ਸੋਚਦੀ ਕਿ ਮੇਰੀ ਚਾਰ ਸਾਲ ਦੀ ਕਮਾਈ ਕਿੱਥੇ ਗਈ। ਪੈਸੇ ਅਜੇ ਵੀ ਸਵਾਏ ਨੇ। ਜੀਤੋ ਇਸ ਗਮ ਵਿਚ ਹੋਰ ਨੀਪੜੀ ਜਾਣ ਲੱਗੀ। ਜੀਤੋ 'ਵੱਲ ਵੇਖ ਕਾਕੂ ਨੂੰ ਬਹੁਤ ਦੁਖ ਹੁੰਦਾ। ਉਹ ਉਸ ਦੇ ਸੇਪੀਆ ਦੀਆਂ ਸਭ ਸੁਣਦਾ ਸੀ।

ਉਹ ਸੋਚਦਾ ਕਿ ਇਥੇ ਭਾਰਤ ਵਿਚ ਤਾਂ ਇਨਸਾਨ ਨੂੰ ਕੁੱਤੇ ਦੇ ਬਰਾਬਰ ਵੀ ਨਹੀਂ ਜਾਣਿਆਂ ਜਾਂਦਾ, ਕਿਉਂ ?

ਉਸ ਨੂੰ ਪਲ ਭਰ ਲਈ ਕਾਰਾਂ ਵਿਚ, ਝੂਟੇ ਲੈ ਰਹੇ ਕੁੱਤੇ ਯਾਦ ਆਉਂਦੇ। ਉਹ ਸੋਚਦਾ ਕਿ ਕਦੋਂ ਇਥੋਂ ਦੇ ਲੋਕਾਂ ਦਾ ਭਵਿੱਖ ਬਦਲੇਗਾ ? ਕਦੋਂ ਤਕ ਇਹ ਰੱਬ ਦੀ ਕ੍ਰਿਪਾ ਨੂੰ ਸਹਿਨ ਕਰ ਕੇ ਡੰਗਰਾਂ ਦੀ ਜ਼ਿੰਦਗੀ ਜਿਉਂਦੇ ਰਹਿਣਗੇ।

ਕਦ ਤਕ ਇਹ ਇਹਨਾਂ ਭਰਮਾਂ ਵਿਚ ਰਹਿਣਗੇ ?

ਗਰੀਬੀ ਕਰਮਾਂ ਦਾ ਫਲ ਹੈ।

ਜੋ ਕਰ ਰਿਹਾ ਹੈ ਰੱਬ ਕਰ ਰਿਹਾ ਹੈ ? ਆਖਰ ਕਦ ਤਕ ਇਸ ਤਰਾਂ ਹੋਵੇਗਾ ?

ਕਾਕੂ ਜੀਤੋ ਨੂੰ ਰੋਜ਼ ਚੁੱਪ ਕਰਕੇ ਗਾਲ੍ਹਾਂ ਲੈਂਦੀ ਨੂੰ ਸੁਣਦਾ ਸੀ। ਇਕ ਦਿਨ ਉਸ ਦਾ ਹਿਰਦਾ ਪਾੜ ਆਇਆ। ਉਹ ਉਸ ਲਈ ਕੁਝ ਕਰ ਤੇ ਨਹੀਂ ਸਕਦਾ ਸੀ। ਜੇ ਕਰ ਸਕਦਾ ਸੀ ਤਾਂ ਦਿਲੀ ਹਮਦਰਦੀ। ਉਸ ਨੇ ਇਕ ਦਿਨ ਪੁਛ ਹੀ ਲਿਆ ਕਿ "ਮਾਂ ਤੈਨੂੰ ਇਸ ਤਰ੍ਹਾਂ ਇਹ ਡੰਗਰਾਂ ਦੀ ਤਰ੍ਹਾਂ ਕਿਉਂ ਸਮਝਦੇ ਨੇ ?"

ਜੀਤੋ ਅੱਗੋਂ ਆਖਦੀ, "ਕਿ ਪੁਤ ਸਭ ਨੂੰ ਵਾਹਿਗੁਰੂ ਪਛਾਣੇਗਾ।" ਉਹ ਉਸ ਨੂੰ ਸਮਝਾਉਂਦਾ ਕਿ ਵਾਹਿਗੁਰੂ ਥੋੜਾ ਗਾਲਾਂ ਕੱਢਦਾ, ਕੱਢਦੀ ਤੇਰੀ ਸੇਪਣ ਹੀ ਹੈ। ਉਸਨੇ

ਉਸ ਕੋਲੋਂ ਗਾਲ੍ਹਾਂ ਦਾ ਕਾਰਣ ਪੁਛਿਆ ਤਾਂ ਜੀਤੋ ਦਾ ਗਲਾ ਭਰ ਆਇਆ ਉਹ ਕਹਿਣ ਲੱਗੀ, "ਪੁੱਤਰਾ ਅਸੀਂ ਲੋਕ ਜੰਮਦੇ ਹੀ ਗਾਲ੍ਹਾਂ ਤੇ ਛਿੱਤਰ ਖਾਣ ਨੂੰ ਹਾਂ। ਕਿਉਂਕਿ ਅਸੀਂ ਕੰਮੀ ਜੁ ਹਾਂ ਸੂਦਰ ਹਾਂ ਨਾ ਇਸ ਲਈ ਇਹ ਸਭ ਕੁਝ ਹੁੰਦਾ ਹੈ "

ਫਿਰ ਕਾਕੂ ਦੇ ਮਜਬੂਰ ਕਰਨ ਤੇ ਉਹ ਦੱਸਦੀ ਹੈ ਕਿ "ਪੁਤਰਾ ਤੇਰੀ ਭੈਣ ਦੇ ਵਿਆਹ ਤੇ ਚਾਰ ਸੌ ਰੁਪੀਏ ਕਰਜ਼ਾ ਲਿਆ ਸੀ। ਇਨ੍ਹਾਂ ਕੋਲੋਂ ਦਸੇ ਵਿਆਜ ਤੇ ਚਾਰ ਸਾਲ ਹੋ ਗਏ ਨੇ ਉਹ ਸੂਦੇ ਹੀ ਗਏ ਤੇ ਹੁਣ ਪੰਜ ਸੌ ਹੋ ਗਏ। ਚਾਰ ਸਾਲਾ ਵਿਚ 'ਪੁੱਤਰਾਂ ਕਿਨਾਂ ਤਿੰਨਾ ਘਰਾਂ ਦੇ ਜਿਨ੍ਹੇ ਦਾਣੇ ਸਨ। ਮੈਂ ਵਿਟਸ ਨੂੰ ਦੇਂਦੀ ਰਹੀ। ਤੇ ਨਾਲ ਸਿੱਟੇ ਤੇ ਪਿੜ੍ਹ ਕੁਟ ਕੇ ਵੀ ਤੇ ਪੈਸੇ ਫਿਰ ਵੀ ਸੂਦੇ ਗਏ...ਆਪੇ ਰੱਬ ਪਛਾਣੇਗਾ"

ਕਕੂ ਜੀਤੋ ਦੀ ਗੱਲ ਸੁਣ ਕਿ ਹੱਸ ਪਿਆ ਤੇ ਆਖਦਾ, "ਮਾਂ ਸ਼ਾਹੂਕਾਰਾ ਰੱਬ ਨਹੀਂ ਕਰ ਰਿਹਾ। ਇਹ ਤਾਂ ਤੇਰੇ ਸੇਪੀ ਹੀ ਕਰ ਰਹੇ ਨੇ। ਉਹ ਕਹਿੰਦਾ "ਮਾਂ ਤੂੰ ਕਿਹੜਾ ਲਿਖ ਕੇ ਦਿੱਤਾ ਹੈ ਤੈਨੂੰ ਕੀ ਕਰ ਲੈਣਗੇ ਤੂੰ ਮੁਕਰ ਜਾਹ ਤੇ ਆਖ ਦੇਹ ਕਿ ਮੈਂ ਤੁਹਾਡਾ ਕੋਈ ਪੈਸਾ ਨਹੀਂ ਦੇਣਾ।"

ਅੱਗੋਂ ਜੀਤੋ ਆਖਦੀ "ਨਹੀਂ ਪੁੱਤ ਰੱਬ ਨੂੰ ਜਾਨ ਦੇਣੀ ਹੈ। ਰੱਬ ਤੇ ਵੇਖਦਾ ਹੀ ਹੈ ਨਾ।"

ਪਰ ਮਾਂ "ਇਹ ਸ਼ਾਹੂਕਾਰਾਂ ਦਾ ਕਰਜ਼ਾ ਤੇਰੀ ਮਰੀ ਤੇ ਵੀ ਨਹੀਂ ਲੈਣਾ ਜਿੰਨਾਂ ਚਿਰ ਨੂੰ ਅੱਗੋਂ ਜਾ ਬੋਲੀ।"

ਫਿਰ ਕਾਕੂ ਨੇ ਹਿਸਾਬ ਕੀਤਾ ਤਾਂ ਬਾਰਾਂ ਸੌ ਉਹਨਾਂ ਵੱਲ ਜੀਤੋ ਦੇ ਚਲੇ ਗਏ ਸੀ ਤੇ ਓਹ ਪੰਜ ਸੌ ਹੋਰ ਬਣਾਈ ਬੈਠੇ ਸੀ।

ਕਾਕੂ ਵਿਚਾਰਾ ਮਾਈ ਨਾਲ ਲੜਾਈ ਵੇਖਦਾ ਰਹਿੰਦਾ। ਫਿਰ ਕੀ ਸੀ ਇਕ ਦਿਨ ਉਸ ਦੀ ਸੇਪਣ ਉਸ ਨੂੰ ਬਹੁਤ ਗਾਲ੍ਹਾਂ ਦੇ ਰਹੀ ਸੀ ਤੇ ਉਸ ਨੇ ਆ ਕੇ ਜੀਤੋ ਨੂੰ ਗੁਤੋ ਫੜ ਲਿਆ। ਜੀਤੋ ਭਾਵੇਂ ਬੁਢੜੀ ਸੀ ਫਿਰ ਵੀ ਉਸ ਵਿਚ ਆਪਣੇ ਆਪ ਨੂੰ ਚੁੱਕਣ ਦੀ ਹਿੰਮਤ ਸੀ। ਉਸ ਦਾ ਸਬਰ ਡੱਕਿਆ ਨਾ ਰਿਹਾ। ਉਸ ਨੇ ਆਪਣੀ ਜ਼ੋਰ ਨਾਲ ਗੁਤ ਛੁਡਾ ਕਿ ਉਸਨੂੰ ਹੇਠਾਂ ਰੱਖ ਲਿਆ ਤੇ ਖੂਬ ਮਾਂਜਾ ਫੇਰਿਆ।

ਇਹ ਸਭ ਕੁਝ ਕਾਕੂ ਵੇਖ ਰਿਹਾ ਸੀ ਉਹ ਬਹੁਤ ਖੁਸ਼ ਹੋਇਆ। ਫਿਰ ਜੀਤੋ ਜ਼ੋਰ ਜ਼ੋਰ ਦੀ ਚਲਾਉਂਦੀ ਹੋਈ ਬਾਹਰ ਆ ਗਈ। "ਮੈਂ ਤੁਹਾਡਾ ਕੋਈ ਕਰਜ਼ਾ ਨਹੀਂ ਦੇਣਾ। ਮੈਥੋਂ ਤੁਹਾਡਾ ਇਹ ਸ਼ਾਹੂਕਾਰਾ ਨਹੀਂ ਪਲਦਾ।"

"ਮੇਰਾ ਖੂਨ ਪੀਤਾ ਜੇ ਰੱਬ ਤੁਹਾਡਾ ਖੂਨ ਪੀਵੇਗਾ। ਜਾਓ ਲਾ ਲਓ ਜ਼ੋਰ ਮੈਂ ਤੁਹਾਡਾ ਕੋਈ ਪੈਸਾ ਨਹੀਂ ਦੇਣਾ।

ਕਾਕੂ ਇਹ ਸਾਰਾ ਕੁਝ ਆਪਣੀ ਅੱਖੀਂ ਵੇਖ ਕੇ ਤੇ ਕੰਨੀਂ ਸੁਣ ਕੇ ਬਹੁਤ ਖੁਸ਼ ਤੇ ਹੈਰਾਨ ਸੀ ਕਿ ਰੱਬ ਵਿਚ ਅਕੀਦਾ ਰੱਖਣ ਵਾਲੀ ਮਾਂ ਜੀਤੋ ਵੀ ਅੱਜ ਬਹਾਦਰਾਂ ਵਾਂਗ ਲੜੀ ਤੇ ਆਪਣਾ ਹੱਕ ਖੋਹਣ ਲਈ ਤਿਆਰ ਸੀ। ਜੇ ਇਸ ਤਰਾਂ ਸਭ ਆਪਣੇ ਹੱਕਾਂ ਦੇ ਲਈ ਆਪਣੀ ਅਵਾਜ਼ ਉਠਾਣ ਤਾਂ ਇਨ੍ਹਾਂ ਦੇ ਸਭ ਦੁਖ ਦੂਰ ਹੋ ਜਾਣਗੇ। ਤੇ ਇਥੋਂ ਦਾ ਸ਼ਾਹੂਕਾਰਾ ਵੀ ਖਤਮ ਹੋ ਜਾਵੇਗਾ। ਇਕ ਨਵਾਂ ਸਮਾਜ ਜਨਮੇਗਾ। ਜਿਸ ਵਿਚ ਕੋਈ ਮਾਂ ਭੁੱਖੀ ਨਹੀਂ ਮਰੇਗੀ। ਕਿਸੇ ਭੈਣ ਦੇ ਹੱਥਾਂ ਦੀ ਮਹਿੰਦੀ ਨਹੀਂ ਲਵੇਗੀ। ਨੇ ਨਾ ਹੀ ਕੋਈ ਮਾਂ ਦੁੱਖਾਂ ਵਿਚ ਸੜੇਗੀ। ਫਿਰ ਇਥੇ ਕਿਸੇ ਦਾ ਕੋਈ ਲਹੂ ਨਹੀਂ ਪੀਵੇਗਾ। ਇਹ ਕਾਕੂ ਕਲਪਣਾ ਕਰਦਾ ਤੇ ਮਾਈ ਦੀ ਬਹਾਦਰੀ ਦੀ ਸਰਾਹੰਨਾ ਕਰਦਾ ਕਾਲਜ ਵੱਲ ਤੁਰ ਪੈਂਦਾ ਹੈ। ਤੇ ਆਪਣੇ ਆਪ ਨਾਲ ਇਕ ਤੇ ਚਾਰ ਕਰਦਾ ਕਿ ਉਹ ਸਦਾ ਲਈ ਸ਼ਾਹੂਕਾਰਾਂ ਅਤੇ ਇਨ੍ਹਾਂ ਖੂਨ ਪੀਣੀਆਂ ਲੋਕਾਂ ਦੇ ਖਿਲਾਫ ਮਰਦੇ ਦਮ ਤਕ ਲੜਾਈ ਕਰੇਗਾ। ਇਹ ਸੋਚ ਕੇ ਉਸਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲ ਜਾਂਦਾ ਹੈ। "ਸ਼ਾਹੂਕਾਰ ਮੁਰਦਾਬਾਦ, ਲੋਕ ਏਕਤਾ ਜ਼ਿੰਦਾਬਾਦ। ○○

## ਵਿਚਾਰ ਚਰਚਾ : ਪੰਜਾਬ, ਸਿੱਖ ਅਤੇ ਖਾਲਿਸਤਾਨ

ਕਰਮ ਬਰਸਟ

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਚਾਰ ਮਾਧਿਅਮ ਰਾਹੀਂ ਪੰਜਾਬ ਸਿੱਖ ਅਤੇ ਖਾਲਿਸਤਾਨ ਦੀ ਇੰਨੀ ਚਰਚਾ ਹੋਈ ਹੈ ਕਿ ਇਹ ਤਿੰਨ ਸ਼ਬਦ ਜਨਸਧਾਰਣ ਦੇ ਸ਼ਬਦ-ਕੋਸ਼ ਦਾ ਭਾਗ ਬਣ ਗਏ ਹਨ। ਕੁਝ ਲੋਕਾਂ ਨੇ ਨਿੱਜੀ ਸਿਆਸੀ ਗਰਜ਼ਾਂ ਖਾਤਰ ਇਨ੍ਹਾਂ ਸ਼ਬਦਾਂ ਨੂੰ ਪਰਿਆਏਵਾਚੀ ਬਣਾਉਣ ਦੀ ਕਮੀਨੀ ਕੋਸ਼ਿਸ਼ ਕੀਤੀ ਹੈ। ਪੰਜਾਬ ਤੋਂ ਬਾਹਰ ਦੇ ਲੋਕਾਂ ਲਈ ਤਾਂ ਇਹ ਜਚਾ ਹੀ ਦਿੱਤਾ ਗਿਆ ਸੀ ਕਿ ਪੰਜਾਬ ਤਾਂ ਖਾਲਿਸਤਾਨ ਬਣ ਹੀ ਚੱਲਿਆ ਸੀ, ਜੇਕਰ ਫੌਜੀ ਕਾਰਵਾਈ ਨਾ ਹੋਈ ਹੁੰਦੀ। ਦੂਜੇ ਪਾਸੇ ਸਿੱਖ-ਰੂੜੀਵਾਦੀਏ ਅਤੇ ਜਨੂੰਨੀ ਵੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਕਿ ਪੰਜਾਬ ਕਦੋਂ ਖਾਲਿਸਤਾਨ ਬਣੇ ਅਤੇ ਕਦੋਂ ਉਹ ਸਿਰ 'ਤੇ ਰਾਜ-ਮੁਕਟ ਪਹਿਨਣ। ਸਵਾਲ ਪੈਦਾ ਹੁੰਦਾ ਹੈ ਕਿ ਵਾਕਈ ਪੰਜਾਬ ਖਾਲਿਸਤਾਨ ਵਿਚ ਤਬਦੀਲ ਹੋ ਜਾਵੇਗਾ ?

ਇਸ ਸਵਾਲ ਦੇ ਜਵਾਬ ਲਈ ਸਾਡੇ ਲਈ ਪੰਜਾਬ, ਸਿੱਖ-ਇਤਿਹਾਸ ਅਤੇ ਪੰਜਾਬ ਦੇ ਜਮਾਤੀ-ਪ੍ਰਬੰਧ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਧਰਤੀ ਨੇ ਸਿੱਖਾਂ ਅਤੇ ਸਿੱਖ-ਲਹਿਰ

ਨੂੰ ਜਨਮ ਦਿੱਤਾ ਹੈ, ਨਾ ਕਿ ਸਿੱਖਾਂ ਨੇ ਪੰਜਾਬ ਨੂੰ ਹੋਂਦ ਵਿਚ ਲਿਆਂਦਾ। ਪੰਜਾਬ ਦਾ ਇਤਿਹਾਸ ਆਦਿਮ-ਮਨੁੱਖੀ ਸਭਿਅਤਾ ਜਿੰਨਾਂ ਪੁਰਾਣਾ ਹੈ। ਇਸੇ ਧਰਤੀ ਤੋਂ ਹੀ ਮਨੁੱਖੀ ਸਭਿਅਤਾ ਵਿਕਾਸ ਕਰਕੇ ਚੌਤਰਫੀਂ ਫੈਲੀ ਅਤੇ ਵੈਦਿਕ-ਸੰਸਕ੍ਰਿਤੀ ਅਤੇ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਇਸੇ ਧਰਤੀ ਉਪਰ ਰਚੇ ਗਏ। ਆਦਿ ਕਾਲ ਤੋਂ ਹੀ ਮਨੁੱਖੀ ਵਸੋਂ ਹੋਣ ਕਾਰਣ ਇਹ ਭੂਖੰਡ ਆਰਥਕ ਤੌਰ ਤੇ ਖੁਸ਼ਹਾਲ ਰਿਹਾ ਹੈ ਅਤੇ ਆਪਣੀ ਖੁਸ਼ਹਾਲੀ ਕਾਰਣ ਹੀ ਮੁੱਢ ਤੋਂ ਹੀ ਬਦੇਸ਼ੀ ਧਾੜਵੀਆਂ ਦੀ ਮੈਲੀ ਅੱਖ ਦਾ ਸ਼ਿਕਾਰ ਰਿਹਾ ਹੈ। ਕੁੱਝ ਧਾੜਵੀ ਲੁੱਟ-ਖਸੁੱਟ ਕਰਕੇ ਇਥੋਂ ਤੁਰ ਜਾਂਦੇ ਰਹੇ ਅਤੇ ਕੁੱਝ ਸਦਾ ਲਈ ਇਥੋਂ ਦੇ ਵਸਨੀਕ ਬਣ ਗਏ, ਜੋ ਹੌਲੀ ਹੌਲੀ ਇਸ ਧਰਤੀ ਦਾ ਹੀ ਅਨਿਖੜ ਅੰਗ ਬਣ ਗਏ। ਕੁੱਝ ਬਦੇਸ਼ੀ ਧਾੜਵੀ ਇਸਲਾਮ ਦੇ ਪੈਰੋਕਾਰ ਸਨ, ਜਿਨਾਂ ਨੇ ਇਸਲਾਮ ਦਾ ਪ੍ਰਚਾਰ ਕੀਤਾ ਜੋ ਬਾਅਦ ਵਿਚ ਇਸੇ ਧਰਤੀ ਦੇ ਅਹਿਮ ਧਰਮਾਂ ਵਿਚੋਂ ਵਿਚੋਂ ਇਕ ਬਣ ਗਿਆ। ਜਦੋਂ ਸਿੱਖ ਧਰਮ ਹੋਂਦ ਵਿਚੋਂ ਆਇਆ, ਇੱਥੇ ਵੱਖ ਵੱਖ ਧਰਮਾਂ, ਕਬੀਲਿਆਂ ਅਤੇ ਜ਼ਾਤਾਂ ਦੇ ਲੋਕ ਵਸਦੇ ਸਨ, ਜਿਨ੍ਹਾਂ ਦਾ ਸਭਿਆਚਾਰ ਅਤੇ ਹਰ ਚੀਜ਼ ਸਾਂਝੀ ਸੀ, ਜੋ ਅੱਜ ਵੀ ਹੈ। ਸਿੱਖ, ਪੰਜਾਬ ਦੇ ਦੂਜੇ ਨਾਗਰਿਕਾਂ ਵਾਂਗ ਇਸ ਧਰਤੀ ਦੇ ਜੰਮਪਲ ਹਨ, ਜਿਨ੍ਹਾਂ ਨੇ ਹੋਰ ਲੋਕਾਂ ਵਾਂਗ ਹੀ ਵੱਧ ਜਾਂ ਘੱਟ ਰੂਪ ਵਿਚ ਇਸ ਭੂਖੰਡ ਦੀ ਉਸਾਰੀ, ਖੁਸ਼ਹਾਲੀ ਅਤੇ ਪ੍ਰਫੁੱਲਤਾ ਲਈ ਯੋਗਦਾਨ ਪਾਇਆ। ਇਸ ਲਈ, ਪੰਜਾਬ ਨੂੰ ਸਿਰਫ਼ ਸਿੱਖਾਂ ਦੀ ਧਰਤੀ ਕਹਿਣਾ, ਜਿੱਥੇ ਦੂਜੇ ਨਾਗਰਿਕਾਂ ਨਾਲ ਘੋਰ ਧੱਕਾ ਹੈ, ਉੱਥੇ ਪੰਜਾਬ ਦੇ ਇਤਿਹਾਸ ਨਾਲ ਵੀ ਖਿਲਵਾੜ ਕਰਨਾ ਹੈ।

ਦਿੱਲੀ ਅਤੇ ਹੋਰਨਾਂ ਸੂਬਿਆਂ ਦੀਆਂ ਖੂਨੀ ਘਟਨਾਵਾਂ ਤੋਂ ਬਾਅਦ ਬਾਹਰਲੇ ਸਿੱਖਾਂ ਦਾ ਪੰਜਾਬ ਵੱਲ ਵਹੀਰਾਂ ਘੱਤਣਾ ਕੀ ਪ੍ਰਗਟ ਕਰਦਾ ਹੈ? ਇਸਨੂੰ ਡੂੰਘਾਈ ਵਿਚ ਸਮਝਣ ਦੀ ਲੋੜ ਹੈ! ਪਿਛਲੇ ਸਮੇਂ ਵਿਚ ਸਿੱਖ-ਮਨਾਂ ਵਿਚ ਇਹ ਵਿਚਾਰ ਭਾਰੂ ਹੋਇਆ ਹੈ ਕਿ ਪੰਜਾਬ ਹੀ ਸਿੱਖਾਂ ਲਈ ਸੁਰੱਖਿਅਤ ਸਥਾਨ ਹੈ। ਇਹ ਵਿਚਾਰ ਵੀ ਸੁਤੇ-ਸਿੱਧ ਹੀ ਪ੍ਰਗਟ ਨਹੀਂ ਹੋਇਆ, ਸਗੋਂ ਸਮਾਜਕ ਅਤੇ ਇਤਿਹਾਸਕ ਕਾਰਣਾਂ ਦੀ ਉਪਜ ਹੈ। ਸਿੱਖਾਂ ਦਾ ਪੰਜਾਬ ਵਿਚ ਆਉਣ ਦਾ ਮੁੱਖ ਕਾਰਣ, ਪੰਜਾਬ ਵਿਚ ਸਿੱਖ ਵਸੋਂ ਦੀ ਬਹੁ ਗਿਣਤੀ ਹੋਣਾ ਹੈ। ਸਿੱਖ ਪੰਜਾਬ ਵਿਚੋਂ ਹੀ ਜੰਮੇ ਪਲੇ ਹਨ ਅਤੇ ਇਥੋਂ ਹੀ ਵਿਕਸਤ ਹੋ ਕੇ ਸੰਸਾਰ ਭਰ ਵਿਚ ਪਸਰੇ ਹਨ। ਉਨਾਂ ਦਾ ਪੰਜਾਬ ਦੀ ਮਿੱਟੀ ਪ੍ਰਤੀ ਮੋਹ ਸੁਭਾਵਕ ਹੈ, ਜਿੱਥੇ ਉਨਾਂ ਦੇ ਪੁਰਖਿਆਂ ਨੇ ਕੁਰਬਾਨੀਆਂ ਕੀਤੀਆਂ ਅਤੇ ਖੂਨ ਡੋਹਲਿਆ ਹੈ। ਪੰਜਾਬ ਵਿਚ ਸਿੱਖਾਂ ਦੇ ਪ੍ਰਵਾਸ ਦਾ ਇਹ ਸੁਭਾਵਕ ਪ੍ਰਤੀਕਰਮ ਹੈ। ਦੂਜਾ ਭਾਰਤੀ ਰਾਜ ਦੀ ਪਿਛਾਖੜੀ ਨੀਤੀ ਅਤੇ ਹਿੰਦੂ ਸ਼ਾਵਨਵਾਦੀਆਂ ਦੇ ਜ਼ੁਲਮ ਅਤੇ ਵਿਹੁਲੇ ਬੋਲਾਂ ਨੇ ਸਿੱਖਾਂ ਨੂੰ ਪੰਜਾਬ ਆਉਣ 'ਤੇ ਮਜਬੂਰ ਕਰ ਦਿੱਤਾ, "ਸੀਖੜਿਓ ਹਮਾਰਾ ਭਾਰਤ ਛੋੜੋ ਔਰ ਆਪਕੇ ਖਾਲਿਸਤਾਨ ਮੇਂ ਜਾਓ।" ਤੀਜਾ ਸਿੱਖ ਜਨੂੰਨੀਆਂ ਵਲੋਂ ਬਾਹਰਲੇ ਸਿੱਖਾਂ ਨੂੰ ਪੰਜਾਬ ਪਰਤਣ ਦਾ ਸੱਦਾ ਅਤੇ ਹਰ ਸੰਭਵ ਢੰਗ ਨਾਲ ਮਦਦ ਕਰਨ ਦਾ ਲਾਰਾ।

ਸਿੱਖ ਜਨੂੰਨੀਆਂ ਅਤੇ ਖਾਲਿਸਤਾਨੀ ਧੜੇ ਦਾ ਇਹ ਵਿਚਾਰ ਕਿ ਜੇਕਰ ਬਾਹਰਲੇ ਸਿੱਖ ਪੰਜਾਬ ਵਿਚ ਆ ਜਾਣ ਤਾਂ ਹਿੰਦੂ ਆਪਣੇ ਆਪ ਹੀ ਇਥੋਂ ਚਲੇ ਜਾਣਗੇ ਅਤੇ ਫੇਰ ਤਾਂ ਖਾਲਿਸਤਾਨ ਬਣਿਆ ਹੀ ਪਿਆ! ਕੀ ਇਹ ਸੂਤਰੀ-ਕਰਣ ਇੰਨਾ ਹੀ ਸੁਖਾਲਾ ਹੈ, ਜਿੰਨਾ ਸਮਝਿਆ ਜਾਂਦਾ ਹੈ? ਨਹੀਂ। ਮਾਰਕਸਵਾਦ ਅਨੁਸਾਰ ਹਰ ਵੱਸਤੂ ਅਤੇ ਵਰਤਾਰਾ ਮਨੁੱਖੀ ਚੇਤਨਾ ਤੋਂ ਅਜ਼ਾਦ ਹੈ। ਇਹ ਵਿਅਕਤੀ ਦੀ ਚੇਤਨਾ ਨਹੀਂ ਜੋ ਵਸਤੂ ਅਤੇ ਵਰਤਾਰਿਆਂ ਨੂੰ ਜਨਮ ਦਿੰਦੀ ਹੈ, ਸਗੋਂ ਵਸਤੂ ਅਤੇ ਵਰਤਾਰੇ ਨੇ, ਜਿਹੜੇ ਵਿਅਕਤੀ ਦੀ ਚੇਤਨਾ ਨੂੰ ਜਨਮ ਦਿੰਦੇ ਹਨ। ਇੰਦਰਾ ਗਾਂਧੀ ਵਰਗੀ ਘਾਗ ਸਿਆਸਤਦਾਨ ਨੇ ਕਦੇ ਸੋਚਿਆ ਵੀ ਨਹੀਂ ਹੋਣਾ, ਕਿ ਜਿਹੜੇ ਫਿਰਕੂ ਅਨਸਰਾਂ ਨੂੰ ਉਨ੍ਹੇ ਪੱਠੇ ਪਾਏ ਸਨ, ਉਨਾਂ ਹੱਥੋਂ ਹੀ ਇਕ ਦਿਨ ਉਹਦਾ ਖਾਤਮਾ ਹੋਵੇਗਾ। ਨਾ ਹੀ ਕਦੇ ਭਿੰਡਰਾਂਵਾਲੇ ਨੇ ਸੋਚਿਆ ਸੀ, ਕਿ ਉਸ ਦੀ ਕਰਤੂਤ, ਬਾਹਰ ਵਸਦੇ ਸਿਖ-ਭਰਾਵਾਂ ਦੇ ਕਤਲ ਕਰਾਉਣ ਵਿਚ ਕੀ ਮਦਦ ਕਰਵਾਏਗੀ। ਅੱਜ ਵੀ ਇਹ ਸਿੱਖਾਂ ਦੀ ਇੱਛਾ 'ਤੇ ਨਿਰਭਰ ਨਹੀਂ ਹੈ ਕਿ ਉਹ ਪੰਜਾਬ ਵਿਚ ਹੀ ਵੱਸਣ ਅਤੇ ਬਾਹਰ ਨਾ ਜਾਣ; ਸਗੋਂ ਉਨ੍ਹਾਂ ਦੀਆਂ ਸਮਾਜਿਕ ਅਤੇ ਆਰਥਕ ਹਾਲਤਾਂ ਨੇ ਤਹਿ ਕਰਨਾ ਹੈ ਕਿ ਸਿੱਖ ਕਿੱਥੇ ਰਹਿਣ ਅਤੇ ਕਿੱਥੇ ਜਾਣ। ਇਹੀ ਕਾਰਣ ਹੈ ਕਿ ਇਕੱਲੀ ਦਿੱਲੀ ਦੇ ਭਿਆਨਕ ਖੂਨ-ਖਰਾਬੇ ਦੇ ਬਾਵਜੂਦ ਵੀ ਦਿੱਲੀ ਦੇ ਸਿਰਫ਼ 10% ਸਿੱਖ ਹੀ ਪੰਜਾਬ ਆਏ ਸਨ, ਜਿਹਨਾਂ ਵਿਚੋਂ ਬਹੁਤੇ ਵਾਪਸ ਚਲੇ ਗਏ ਹਨ ਅਤੇ ਬਾਕੀ ਜਾਣ ਲਈ ਸੋਚ ਰਹੇ ਹਨ। ਇਹ ਵੀ ਤੱਥ ਹੈ ਕਿ ਬਹੁਤ ਸਿੱਖ ਉਹ ਹੀ ਪੰਜਾਬ ਆਏ ਹਨ, ਜਿਨਾਂ ਦਾ ਕੋਈ ਨਾ ਕੋਈ ਸਾਕ-ਸਬੰਧੀ ਪੰਜਾਬ ਵਿਚ ਹੈ ਜਾਂ ਜਿਹਨਾਂ ਦੀ ਬਾਹਰ ਕੋਈ ਜਾਇਦਾਦ ਨਹੀਂ ਹੈ, ਜੋ ਸਿਰਫ਼ ਮਜ਼ਦੂਰੀ ਕਰਕੇ ਹੀ ਪੇਟ ਪਾਲਦੇ ਹਨ।

ਸਮਾਜਕ-ਤੌਰ ਦੇ ਆਪਣੇ ਨੇਮ ਹਨ। ਜੇਕਰ ਕੁਝ ਸਿੱਖ ਪੰਜਾਬ ਤੋਂ ਬਾਹਰ ਜਾਕੇ ਵਸੇ ਹਨ, ਇਹ ਵੀ ਸਮਾਜਕ-ਵਿਕਾਸ ਦਾ ਸਿੱਟਾ ਹੈ ਪੰਜਾਬ ਮੁੱਖ ਤੌਰ ਤੇ ਖੇਤੀ ਪ੍ਰਧਾਨ ਭੂਖੰਡ ਹੈ ਜੋ ਵੱਡੀ ਸਨਅਤ ਦੀ ਅਣਹੋਂਦ ਕਾਰਣ ਵੱਧ ਰਹੀ ਵਸੋਂ ਨੂੰ ਸਮੋਣ ਦੇ ਅਸਮਰਥ ਹੈ।

ਵਿਦਿਅਕ ਪ੍ਰਬੰਧ ਨੇ ਨੌਜਵਾਨਾਂ ਨੂੰ ਮਾਨਸਿਕ ਤੌਰ ਤੇ ਨਿਕੰਮੇ ਬਣਾ ਦਿੱਤਾ ਕਿ ਉਹ ਸਿਰਫ ਦਫ਼ਤਰੀ ਬਾਬੂ ਬਣ ਸਕਦੇ ਹਨ ਅਤੇ ਪੰਜਾਬ ਵਿਚ ਖੇਤੀ ਕਰਨ ਨਾਲੋਂ ਬਾਹਰਲੇ ਮੁਲਕਾਂ ਵਿਚ ਮਜ਼ਦੂਰੀ ਕਰਨ ਨੂੰ ਤਰਜ਼ੀਹ ਦਿੰਦੇ ਹਨ । ਸਿੱਖ ਟ੍ਰਾਂਸਪੋਰਟਰਾਂ, ਵਪਾਰੀਆਂ ਅਤੇ ਸਨਅਤਕਾਰਾਂ ਦਾ ਪੰਜਾਬ ਤੋਂ ਬਾਹਰ ਰਹੇ ਬਿਨਾਂ ਗੁਜ਼ਾਰਾ ਸੰਭਵ ਹੀ ਨਹੀਂ । ਨਾ ਹੀ ਇਹ ਸੰਭਵ ਹੈ ਕਿ ਉਹ ਆਪਣੇ ਕਾਰੋਬਾਰ ਛੱਡ ਕੇ ਪੰਜਾਬ ਵਿਚ ਵੱਸ ਜਾਣ । ਇਸ ਸਭ ਕਾਸੇ ਦੇ ਆਰਥਕ ਕਾਰਣ ਹਨ। ਪੰਜਾਬ ਵਿਚ ਸਨਅਤੀ ਮੁਕਾਬਲਾ ਦੂਜੇ ਸੂਬਿਆਂ ਦੇ ਮੁਕਾਬਲੇ ਤਿੱਖਾ ਹੈ। ਸਸਤੀ ਲੇਬਰ ਨਹੀਂ ਮਿਲਦੀ ਅਤੇ ਕੱਚੇ ਮਾਲ ਲਈ ਕੇਂਦਰ ਅਤੇ ਬਾਹਰਲੇ ਸੂਬਿਆਂ 'ਤੇ ਨਿਰਭਰ ਕਰਨਾ ਪੈਂਦਾ ਹੈ। ਅੱਜ ਲੋਕਾਂ ਲਈ ਧਰਮ ਨਾਲੋਂ ਆਰਥਕਤਾ ਅਹਿਮ ਹੈ। ਸਮਾਜ ਦਾ ਵਿਕਾਸ ਵੀ ਇਸ ਹੱਦ ਤੱਕ ਹੋ ਗਿਆ ਹੈ ਕਿ ਧਰਮ ਦਾ ਜਨੂੰਨੀ ਅਤੇ ਪਿਛਾਖੜੀ ਰੂਪ, ਵਿਦਿਅਕ, ਆਰਥਕ ਅਤੇ ਸਮਾਜਕ ਤੌਰ 'ਤੇ ਵਿਕਸਤ ਲੋਕਾਂ ਨੂੰ ਪ੍ਰਭਾਵਤ ਨਹੀਂ ਕਰਦਾ । ਇਹ ਆਰਥਕ ਹਿੱਤਾਂ ਦਾ ਹੀ ਸਿੱਟਾ ਹੈ ਕਿ ਬਾਹਰਲੇ ਸਿੱਖਾਂ ਨੇ ਖਾਲਿਸਤਾਨੀਆਂ ਨੂੰ ਤਾਂ ਕੀ, ਇਥੋਂ ਤੱਕ ਕਿ ਅਕਾਲੀ ਦਲ ਦੀ ਵੀ ਕਿਸੇ ਮੰਗ ਜਾਂ ਨੀਤੀ ਦੀ ਹਮਾਇਤ ਨਹੀਂ ਕੀਤੀ। ਭਿਆਨਕ ਕਤਲੋ-ਗਾਰਦ ਦੇ ਬਾਵਜੂਦ ਵੀ ਬਾਹਰਲੀਆਂ ਸਿੱਖ ਜਥੇਬੰਦੀਆਂ ਨੇ ਚੋਣਾਂ ਵਿਚ ਕਾਂਗਰਸ ਦੀ ਹਮਾਇਤ ਕੀਤੀ ਹੈ।

ਇਹ ਆਰਥਕ ਸੰਕਟ ਅਤੇ ਆਰਥਕ ਹਿੱਤਾਂ ਦਾ ਹੀ ਨਤੀਜਾ ਹੈ ਕਿ ਪੰਜਾਬ ਦਾ ਖਾਂਦਾ ਪੀਂਦਾ ਸਿੱਖ ਆਪਣੇ ਕਾਰੋਬਾਰ ਦੇ ਵਧਾਰੇ ਲਈ ਦੂਜੇ ਸੂਬਿਆਂ ਵਿਚ ਜਾਣ ਲਈ ਮਜਬੂਰ ਹੈ ਅਤੇ ਯੂ. ਪੀ. ਅਤੇ ਬਿਹਾਰ ਦੇ ਮਜ਼ਦੂਰ ਭੁੱਖ ਦੇ ਸਤਾਏ ਹੋਏ ਪੰਜਾਬ ਆਉਣ ਲਈ ਮਜਬੂਰ ਹਨ । ਭਵਿੱਖ ਵਿਚ ਵੀ ਪੰਜਾਬ ਦੇ ਸਿੱਖ ਦੂਜੇ ਸੂਬਿਆਂ ਵੱਲ ਜਾਂਦੇ ਰਹਿਣਗੇ, ਨਾ ਕਿ ਬਾਹਰਲੇ ਪੰਜਾਬ ਆਉਣ ।

ਦਿੱਲੀ ਦੀਆਂ ਘਟਨਾਵਾਂ ਤੋਂ ਬਾਅਦ ਹਾਲਤਾਂ ਵਿਚ ਤਿੱਖਾ ਮੋੜ ਆਇਆ ਹੈ। ਸਿੱਖ ਇਸ ਵੇਲੇ ਡੂੰਘੇ ਮਾਨਸਕ ਸੰਕਟ ਦਾ ਸ਼ਿਕਾਰ ਹਨ ਅਤੇ ਉਨਾਂ ਵਿਚ **ਬਿਗਾਨਗੀ ਦਾ ਅਹਿਸਾਸ** ਤੀਬਰ ਹੋਇਆ ਹੈ। ਨਵੀਂ ਹਾਲਤ ਅਨੁਸਾਰ ਪੰਜਾਬ ਸਮੱਸਿਆ ਸਿਰਫ਼ ਅਕਾਲੀ ਦਲ ਨਾਲ ਸਬੰਧਤ ਨਹੀਂ ਰਹੀ ਸਗੋਂ ਸਮੁੱਚੇ ਸਿਖਾਂ ਨਾਲ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹਨ, ਜੁੜ ਗਈ ਹੈ । ਪੰਜਾਬ ਸਮੱਸਿਆ ਹੁਣ ਹੀ ਅਸਲ ਵਿਚ ਸਿੱਖ ਸਮੱਸਿਆ ਬਣੀ ਜਾਂ ਬਣਾ ਦਿੱਤੀ ਹੈ । ਹੁਣ ਇਕ ਪਾਸੇ ਘੱਟ-ਗਿਣਤੀ ਸਿੱਖ ਧਰਮ ਹੈ ਅਤੇ ਦੂਜੇ ਪਾਸੇ ਜਾਬਰ ਕੇਂਦਰੀ ਸਰਕਾਰ ਹੈ। ਦੰਗਿਆਂ ਤੋਂ ਬਾਅਦ ਸਿੱਖ ਜਨ-ਸਮੂਹ ਦੀਆਂ ਭਾਵਨਾਵਾਂ ਬੁਰੀ ਤਰ੍ਹਾਂ ਵਲੂੰਧਰੀਆਂ ਗਈਆਂ ਹਨ । ਸਿੱਟੇ ਵਜੋਂ ਸਿੱਖਾਂ ਦੇ ਮਨ ਕਾਂਗਰਸ ਹਕੂਮਤ ਦੇ ਖਿਲਾਫ਼ ਨਫ਼ਰਤ ਨਾਲ ਭਰੇ ਪਏ ਹਨ । ਪਰ ਇਹ ਨਫ਼ਰਤ, ਜਿਵੇਂ ਕੁੱਝ ਲੋਕ ਸਮਝਦੇ ਹਨ, ਹਿੰਦੂ-ਜਨਤਾ ਪ੍ਰਤੀ ਨਹੀਂ । ਪਰ ਸਿੱਖਾਂ ਦੇ ਮਨਾਂ ਵਿਚ ਹਿੰਦੂਆਂ ਪ੍ਰਤੀ ਗਿਲਾ ਜ਼ਰੂਰ ਹੈ ਕਿ ਉਨਾਂ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਿਆ ਨਹੀਂ । ਇਹ ਹਿੰਦੂ-ਸਿੱਖ ਵਿਰੋਧ ਦੁਸ਼ਮਣਾਨਾ-ਵਿਰੋਧ ਵਿਚ ਪ੍ਰੀਵਰਤਤ ਨਹੀਂ ਹੋਇਆ, ਸਗੋਂ ਦੋਸਤਾਨਾ ਵਿਰੋਧ ਹੈ, ਜੋ ਠਰੰਮੇ ਅਤੇ ਤਰਕ ਨਾਲ ਨਜਿੱਠਿਆ ਜਾ ਸਕਦਾ ਹੈ ।

ਸਿੱਖ-ਮਾਨਸਕਤਾ ਦਾ ਦੂਜਾ ਸੰਕਟ ਉਨ੍ਹਾਂ ਦਾ ਆਪਣਾ ਅੰਤਰ-ਦਵੰਦ ਹੈ । ਸਿੱਖ ਇਤਿਹਾਸ ਮਹਾਨ ਕੁਰਬਾਨੀਆਂ ਅਤੇ ਘੋਲਾਂ ਦਾ ਇਤਿਹਾਸ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਸਿੱਖ ਜਨਤਾ ਵਿਚੋਂ ਕੁੱਝ ਗ਼ਲਤ ਧਾਰਨਾਵਾਂ ਪੈਦਾ ਹੋ ਗਈਆਂ ਹਨ। ਇਕ ਤਾਂ ਉਨ੍ਹਾਂ ਵਿਚ ਆਪਣੇ ਆਪ ਨੂੰ ਬਹਾਦਰ ਅਤੇ ਮਹਾਨ ਸਮਝਣ ਦਾ ਭਰਮ ਅਤੇ ਦੂਜਾ, ਬਾਕੀ ਧਰਮਾਂ ਦੇ ਲੋਕਾਂ ਨੂੰ ਕਮਜ਼ੋਰ; ਹੀਣੇ ਅਤੇ ਡਰੂ ਸਮਝਣ ਦਾ ਵਹਿਮ । ਇਨ੍ਹਾਂ ਗਲਤ ਧਾਰਨਾਵਾਂ ਨੂੰ ਮਜ਼ਬੂਤ ਕਰਨ ਲਈ ਸਿੱਖ-ਜਨੂੰਨੀਆਂ ਨੇ ਖਾਦ ਦਾ ਕੰਮ ਕੀਤਾ। ਜਿਨਾਂ ਦੀ ਜੱਟਕੀ ਦਲੀਲ ਇਹ ਸੀ ਕਿ 'ਸਿੱਖ ਤਾਂ ਸਵਾ ਲੱਖ ਨਾਲ ਇਕੱਲਾ ਲੜਦਾ ਰਿਹਾ ਹੈ, ਹੁਣ ਤਾਂ ਸਿਰਫ਼ ਇੱਕ ਸਿੱਖ ਲਈ ਪੈਂਤੀ ਹਿੰਦੂ ਹੀ ਆਉਂਦੇ ਹਨ। ਪਰ ਇਨਾਂ ਲੱਕੜ-ਸਿਰੇ ਲੋਕਾਂ ਨੇ ਕਦੇ ਵੀ ਸਮਾਜਕ ਅਤੇ ਇਤਿਹਾਸਕ ਹਾਲਤਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਦਾ ਸਮਾਜ ਕਿਸ ਪੜਾਅ 'ਤੇ ਖੜਾ ਸੀ ਅਤੇ ਅੱਜ ਦਾ ਸਮਾਜ ਕਿਸ ਪੜਾਅ 'ਤੇ ਪਹੁੰਚ ਚੁੱਕਿਆ ਹੈ।

ਗੁਰੂ ਗੋਬਿੰਦ ਸਿੰਘ ਵੇਲੇ ਭਾਰਤੀ ਸਮਾਜ ਬਿਲਕੁਲ ਗਰਕ ਚੁੱਕਿਆ ਸੀ। ਇਸਲਾਮ ਦੀ ਚੜ੍ਹਤ ਸੀ ਅਤੇ ਮੁਗ਼ਲ ਹਾਕਮ ਤਲਵਾਰ ਦੇ ਜ਼ੋਰ ਨਾਲ ਜਨਤਾ ਨੂੰ ਦਬਾ ਰਹੇ ਸਨ । ਉਸ ਵੇਲੇ ਭਾਰਤੀ ਲੋਕਾਂ ਨੂੰ ਮਾਨਸਕ ਤੌਰ 'ਤੇ ਬਲਵਾਨ ਬਣਾਉਣ ਦਾ ਕਾਰਜ ਹੀ ਅਹਿਮ ਸੀ। ਗੁਰੂ ਗੋਬਿੰਦ ਸਿੰਘ ਮਹਾਨ ਮਨੋਵਿਗਿਆਨੀ ਸੀ, ਜਿਸਨੇ ਸਮੇਂ ਦੀ ਨਬਜ਼ ਨੂੰ ਮਜ਼ਬੂਤੀ ਨਾਲ ਪਕੜਿਆ। ਉਸ ਦੇ ਮਨ ਵਿਚ ਸਪਸ਼ਟ ਸੀ ਕਿ ਜਦੋਂ ਤੱਕ ਲੋਕਾਂ ਨੂੰ ਮਨੋ-ਵਿਗਿਆਨਕ ਤੌਰ 'ਤੇ ਬਹਾਦਰ ਨਹੀਂ ਬਣਾਇਆ ਜਾਂਦਾ, ਓਦੋਂ ਤੱਕ ਉਹ ਜ਼ੁਲਮ ਨਾਲ ਨਹੀਂ ਲੜ ਸਕਦੇ । ਇਸ ਲਈ ਉਸਨੇ ਸੁਚੇਤ ਰੂਪ ਵਿਚ ਭਾਰਤੀ ਹਿੰਦੂ ਇਤਿਹਾਸ ਮਿਥਿਹਾਸ ਨੂੰ ਕੁਸ਼ਲਤਾ ਨਾਲ ਵਰਤਿਆ । ਪਹਿਲੀ ਗੱਲ ਤਾਂ ਉਨ੍ਹਾਂ ਨੇ ਲੋਕਾਂ ਦੇ ਮਨਾਂ ਵਿਚ ਇਹ ਬਿਠਾਈ ਕਿ 'ਮੈਂ ਵੀ ਅਕਾਲ ਪੁਰਖ ਦਾ ਦਾਸ ਹਾਂ ਅਤੇ ਉਸ ਵਲੋਂ ਲੋਕਾਂ ਦੇ ਸੁਧਾਰ ਅਤੇ ਦੁਸ਼ਟਾਂ ਦੇ ਦਮਨ ਲਈ ਭੇਜਿਆ

'ਗਿਆ ਹਾਂ।' ਉਸ ਵੇਲੇ ਇਹ ਜ਼ਰੂਰੀ ਸੀ, ਕਿਉਂਕਿ ਸਥਾਪਤ ਧਰਮਾਂ ਨੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਸਾਰੇ ਪੈਗੰਬਰ ਰੱਬ ਦਾ ਰੂਪ ਸਨ ਅਤੇ ਮੌਜੂਦਾ ਰਾਜੇ ਮਹਾਰਾਜੇ ਰੱਬ ਦੇ ਭੇਜੇ ਹੋਏ ਹਨ। ਦੂਜਾ, ਗੁਰੂ ਜੀ ਨੇ ਸਨਾਤਨੀ ਸਾਹਿਤ ਦੀ ਪੁਨਰ-ਵਿਆਖਿਆ ਅਤੇ ਪੁਨਰ-ਸਿਰਜਣਾ ਕੀਤੀ ਤਾਂ ਜੋ ਪੁਰਾਤਨ ਬੀਰ-ਗਾਥਾਵਾਂ ਸੁਣਾਕੇ, ਜਨਤਾ ਵਿਚ ਲੜਣ ਲਈ ਉਤਸ਼ਾਹ ਭਰਿਆ ਜਾਵੇ। ਜਿਵੇਂ ਚੰਡੀ ਦੀ ਵਾਰ, ਬਚਿਤਰ ਨਾਟਕ ਆਦਿ। ਤੀਜਾ, ਮਹਾਨ ਕਾਰਜ ਇਹ ਕੀਤਾ ਕਿ ਉਨਾਂ ਨੇ 'ਅੰਮ੍ਰਿਤ' ਦੀ ਰੀਤ ਚਲਾਈ। 'ਅੰਮ੍ਰਿਤ' ਕੋਈ ਨਵਾਂ ਸੰਕਲਪ ਨਹੀਂ ਸੀ, ਸਗੋਂ ਇਹ ਹਿੰਦੂ ਮਿਥਿਹਾਸ ਦਾ ਮੁੱਢਲਾ ਅਤੇ ਅਹਿਮ ਸੰਕਲਪ ਹੈ, ਜੋ ਵਸਤੂ ਦੇ ਰੂਪ ਵਿਚ 14 ਰਤਨਾਂ ਵਿਚ ਇਕ ਹੈ, ਜੋ ਦੇਵਤਿਆਂ ਅਤੇ ਦੈਤਾਂ ਨੇ ਸਮੁੰਦਰ ਰਿੜਕ ਕੇ ਕੱਢੇ। ਹਿੰਦੂ ਮਿਥਿਹਾਸ ਅਨੁਸਾਰ ਦੇਵਤੇ ਅੰਮ੍ਰਿਤ ਪੀਣ ਨਾਲ ਸਦਾ ਲਈ ਅਮਰ ਹੋ ਗਏ।

ਇਸ ਲਈ ਗੁਰੂ ਗੋਬਿੰਦ ਸਿੰਘ ਦੀ ਵਡਿਆਈ ਇਸ ਗੱਲ ਵਿਚ ਨਹੀਂ ਕਿ ਉਨਾਂ ਨੇ 'ਅੰਮ੍ਰਿਤ ਦੀ ਦਾਤ ਬਖਸ਼ੀ', ਸਗੋਂ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਪੁਰਾਤਨ ਸੰਕਲਪ ਨੂੰ ਮੁੜ-ਸੁਰਜੀਤ ਕੀਤਾ ਅਤੇ ਸਿਖ-ਲਹਿਰ ਦੀ ਦੀ ਉਸਾਰੀ ਅਤੇ 'ਖਾਲਸਾ ਪੰਥ ਦੀ ਸਿਰਜਣਾ ਲਈ ਇਸਨੂੰ ਸੁਯੋਗਤਾ ਨਾਲ ਵਰਤਿਆ। 'ਖਾਲਸਾ ਪੰਥ' ਦੀ ਵਿਲੱਖਣਤਾ ਲਈ ਵਰਦੀ ਦੀ ਸ਼ਕਲ ਵਿਚ 'ਪੰਜ ਕਕਾਰ' ਨਿਯਤ ਕੀਤੇ ਅਤੇ ਖ਼ਾਲਸਾ ਫੌਜ ਦਾ ਮਨੋਬਲ ਉੱਚਾ ਕਰਨ ਲਈ—'ਸਵਾ ਲਾਖ ਸੇ ਏਕ ਲੜਾਊਂ' ਅਤੇ 'ਰਾਜ ਕਰੇਗਾ ਖ਼ਾਲਸਾ' ਵਰਗੇ ਖਾੜਕੂ ਨਾਅਰੇ ਦਿੱਤੇ। ਇਹ ਸਭ ਕੁੱਝ ਉਸ ਵੇਲੇ ਦੀਆਂ ਸਮਾਜਕ ਹਾਲਤਾਂ ਦੀ ਅਹਿਮ ਲੋੜ ਸੀ। ਜੋ ਗੁਰੂ ਗੋਬਿੰਦ ਸਿੰਘ ਦੀ ਉਚੇਰੀ ਫੌਜੀ ਮੁਹਾਰਤ ਅਤੇ ਤੀਖਣ ਸਿਆਸੀ ਸੂਝ ਦਾ ਖ਼ੂਬਸੂਰਤ ਇਜ਼ਹਾਰ ਹੈ। ਪਰ ਮੌਜੂਦਾ ਵਿਗਿਆਨਕ ਯੁੱਗ ਅਤੇ ਵਿਕਸਤ ਸਮਾਜ ਵਿਚ ਲੰਮੇ ਸਮੇਂ ਤੱਕ ਕਿਸੇ ਧਰਮ, ਵਿਅਕਤੀ ਅਤੇ ਪਾਰਟੀ ਵਲੋਂ ਇਹੋ ਜਿਹੇ ਨਾਅਰੇ ਅਤੇ ਸੰਕਲਪ ਪੇਸ਼ ਕਰਨਾ, ਉਸ ਦੀ ਨਲਾਇਕੀ ਅਤੇ ਅਗਿਆਨਤਾ ਦਾ ਸਬੂਤ ਹੀ ਕਿਹਾ ਜਾ ਸਕਦਾ ਹੈ।

ਦਿੱਲੀ ਦੀਆਂ ਘਟਨਾਵਾਂ ਦੌਰਾਨ ਹਕੂਮਤ ਹੱਥੋਂ ਪਈ ਮਾਰ ਨਾਲ,ਸਿੱਖਾਂ ਦੇ ਸਾਰੇ ਭਰਮ ਅਤੇ ਸ਼ੰਕੇ ਨਵਿਰਤ ਹੋ ਗਏ ਹਨ। 'ਸਿੱਖ ਮਾਨਸਕਤਾ ਦੇ ਸੰਕਟ' ਦਾ ਮੁੱਖ ਕਾਰਣ, ਸਿੱਖ-ਮਨਾਂ ਦਾ ਇਹ ਤੌਖਲਾ ਵੀ ਹੈ ਕਿ ਜਿਹਨਾਂ ਲੋਕਾਂ ਵਿਚ ਉਹ ਆਪਣੇ ਵਡਿੱਤਣ ਦੀਆਂ ਬੜ੍ਹਕਾਂ ਮਾਰਦੇ ਰਹੇ ਹਨ, ਹੁਣ ਉਨ੍ਹਾਂ ਨਾਲ ਕਿਹੜੇ ਮੂੰਹ ਨਾਲ ਗੱਲ ਕਰਨ ? ਇਸ ਸਥਿਤੀ 'ਚੋਂ ਸੰਕਟ ਮੁਕਤ ਹੋਣ ਲਈ, ਕੁੱਝ ਸ਼ਰਾਰਤੀ ਅਨਸਰਾਂ ਨੇ ਵੱਖ ਵੱਖ ਸ਼ੋਸ਼ੇ ਛੱਡੇ ਹਨ, ਜੋ ਮਨ ਨੂੰ ਧਰਵਾਸ ਦੇਣ ਦਾ ਹੀ ਯਤਨ ਹੈ। ਪਹਿਲਾ, ਇਹ ਹੈ ਕਿ ਭਿੰਡਰਾਂਵਾਲਾ ਅਜੇ ਮਰਿਆ ਨਹੀਂ, ਜਿਊਂਦਾ ਹੈ। ਉਹ ਕਿਸੇ ਢਕਵੇਂ ਮੌਕੇ ਪ੍ਰਗਟ ਹੋਵੇਗਾ ਅਤੇ ਸਿੱਖਾਂ ਦੀ ਅਗਵਾਈ ਕਰੇਗਾ। ਦੂਜਾ, ਪਿਛਲੇ ਸਮੇਂ ਵਿਚ 'ਗੁਰੂ' ਦੇ ਕਥਿਤ ਬਾਜ਼ਾਂ ਦਾ ਪ੍ਰਗਟ ਹੋਣਾ। ਤੀਜਾ, ਪੁਰਾਤਨ ਸ਼ੈਲੀ ਵਿਚ ਇਕ ਲਿਖਤ ਛਾਪ ਕੇ ਪ੍ਰਚਾਰਨਾ, ਜੋ ਗੁਰੂ ਗੋਬਿੰਦ ਸਿੰਘ ਨਾਲ ਜੋੜੀ ਗਈ ਹੈ। ਜਿਸ ਵਿਚ ਲਿਖਿਆ ਗਿਆ ਹੈ ਕਿ ਸਾਰੀ ਦੁਨੀਆਂ ਖਤਮ ਹੋ ਜਾਵੇਗੀ ਬੱਸ ਸਿੱਖ ਹੀ ਰਾਜ ਕਰਨ ਲਈ ਬਚਣਗੇ (ਜਿਵੇਂ ਕਿਆਮਤ (ਪਰਲੋ) ਤੋਂ ਬਾਅਦ ਸਿਰਫ਼ ਮੁਸਲਮਾਨ ਹੀ ਰਹਿਣਗੇ) ਕਿਆ ਅਦਭੁੱਤ ਸਮੇਲ ਹੈ।

ਪਿਛਲੇ ਸਮੇਂ ਵਿਚ ਇਹ ਸਵਾਲ ਉੱਭਰਕੇ ਸਾਹਮਣੇ ਆਇਆ ਹੈ, ਕੀ ਖਾਲਿਸਤਾਨ ਬਣੇਗਾ ? ਕੀ ਖਾਲਿਸਤਾਨ ਹੀ ਸਿੱਖਾਂ ਦੀ ਆਖ਼ਰੀ ਪਨਾਹਗਾਹ ਹੈ। ਇਨਾਂ ਸਵਾਲਾਂ ਦੇ ਜਵਾਬ ਤੋਂ ਪਹਿਲਾਂ, ਕੁੱਝ ਭੁਲੇਖਿਆਂ ਬਾਰੇ ਸਪਸ਼ਟ ਹੋਣਾ ਜ਼ਰੂਰੀ ਹੈ। ਇਸ ਸਮੇਂ ਦੌਰਾਨ ਸਿਖ-ਮਨਾਂ ਵਿਚ ਭਾਰਤੀ ਰਾਜ ਪ੍ਰਤੀ ਬਿਗਾਨਗੀ ਦਾ ਅਹਿਸਾਸ ਵਧਿਆ ਹੈ। ਜਿਸ ਦੇ ਲਈ ਪਿਛਾਖੜੀ ਹਾਕਮ ਜਮਾਤ ਅਤੇ ਖਾਲਿਸਤਾਨੀ ਟੋਲਿਆਂ ਨੇ ਸਾਜ਼ਸ਼ੀ ਕੰਮ ਕੀਤੇ ਹਨ। ਇਸਦੇ ਨਾਲ ਹੀ ਸਿੱਖ-ਯੁਵਕਾਂ ਵਿਚ ਵੱਡੀ ਪੱਧਰ 'ਤੇ ਕੇਸਰੀ ਪੱਗਾਂ ਬੰਨ੍ਹਣ ਦਾ ਰੁਝਾਣ ਜ਼ੋਰਾਂ 'ਤੇ ਹੈ। ਜਿਸਨੂੰ ਸਰਕਾਰ ਅਤੇ ਸਿੱਖਾਂ ਨੇ ਬਿਲਕੁੱਲ ਗਲਤ ਅੰਗਿਆ ਹੈ। ਤੱਤ ਰੂਪ ਵਿਚ ਦੋਹਾਂ ਧਿਰਾਂ ਨੇ ਹੀ ਇਸਨੂੰ ਖਾਲਿਸਤਾਨੀ ਰੁਝਾਣ ਸਮਝਿਆ ਹੈ। ਸਰਕਾਰੀ ਮਸ਼ੀਨਰੀ ਨੇ ਤਾਂ ਇਸਨੂੰ ਕੁਵੱਲੇ ਢੰਗ ਰਾਹੀਂ ਰੋਕਣ ਦੀ ਵੀ ਕੋਸ਼ਿਸ਼ ਕੀਤੀ ਹੈ। ਦੂਜੇ ਪਾਸੇ ਸਿੱਖ ਜਨੂੰਨੀ ਵੀ ਖ਼ੁਸ਼ੀ ਵਿਚ ਆਫਰੇ ਫਿਰਦੇ ਹਨ ਕਿ ਇਹ ਉਨ੍ਹਾਂ ਦੀਆਂ ਆਸਾਂ ਨੂੰ ਫਲ ਪੈਣ ਦੀ ਨਿਸ਼ਾਨੀ ਹੈ। ਪਰ ਅਸਲੀਅਤ ਇਹ ਨਹੀਂ।

ਹਰ ਘਟਨਾ ਅਤੇ ਲਹਿਰ ਭਾਵੇਂ ਉਹ ਲੋਕ-ਪੱਖੀ ਹੈ ਜਾਂ ਲੋਕ-ਵਿਰੋਧੀ, ਜਿਹੜੀ ਵੀ ਸਰਕਾਰ ਵਲੋਂ ਦਬਾਈ ਜਾਵੇ, ਲੋਕ ਮਨਾਂ ਤੇ ਡੂੰਘਾ ਅਸਰ ਛੱਡ ਜਾਂਦੀ ਹੈ। ਪਿਛਲੇ ਸਮੇਂ ਸਿੱਖਾਂ ਉੱਪਰ ਸਰਕਾਰ ਵਲੋਂ ਚੇਤਰਫ਼ਾ ਹਮਲਾ ਕੀਤਾ ਗਿਆ ਹੈ, ਅਤੇ ਸਿੱਖ ਭਾਰਤੀ ਲੋਟੂ ਰਾਜ ਪ੍ਰਤੀ ਗੁੱਸੇ ਨਾਲ ਭਰੇ ਪਏ ਹਨ। ਇਸ ਲਈ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਸਿੱਖ-ਯੁਵਕਾਂ ਅਤੇ ਜਨਤਾ ਵਲੋਂ ਕੇਸਰੀ ਰੰਗ ਨੂੰ ਰੋਸ ਪ੍ਰਗਟਾਵੇ ਲਈ ਵਰਤਿਆ ਜਾ ਰਿਹਾ ਹੈ। ਕੁੱਝ ਵਲੋਂ ਇਹ ਸੁਚੇਤ ਰੂਪ ਵਿਚ ਕੀਤਾ ਗਿਆ ਹੈ, ਪਰ ਬਹੁਗਿਣਤੀ ਲਈ ਇਹ ਨਵੇਂ ਫੈਸ਼ਨ ਸਮਾਨ ਹੈ। ਭਾਵੇਂ ਕੁੱਝ ਵੀ ਹੈ, ਪਰ ਇਕ ਗੱਲ ਸਪਸ਼ਟ ਹੈ ਕਿ "ਧਰਮਯੁੱਧ" ਤੋਂ ਬਾਅਦ ਲੋਕ-ਮਨਾਂ ਵਿਚ ਮੋਰਚੇ ਦੀ ਕਦਰ ਸਥਾਪਤ ਹੋਈ ਹੈ। ਇਹ ਬਿਲਕੁੱਲ

ਉਵੇਂ ਹੈ ਜਿਵੇਂ 1920 ਤੋਂ ਬਾਅਦ ਅਕਾਲੀ ਮੋਰਚਿਆਂ ਸਮੇਂ 'ਕਾਲੀ ਪੱਗ' ਦਾ ਰਿਵਾਜ ਚੱਲਿਆ ਸੀ।

ਜਦੋਂ ਕਿ ਤੱਤ ਰੂਪ ਵਿਚ ਇਨ੍ਹਾਂ ਲਹਿਰਾਂ ਦੇ ਖਾਸੇ ਵਿਚ ਮੂਲੋਂ ਅੰਤਰ ਹੈ। ਇਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੰਜਾਬ ਦੇ ਲੋਕਾਂ ਖ਼ਾਸ ਕਰਕੇ ਤਰਕਹੀਣ ਯੁਵਕਾਂ ਦਾ ਖਾਸਾ ਹੈ, ਕਿ ਜਿਹੜੀ ਲਹਿਰ ਹਕੂਮਤ ਵਲੋਂ ਸਖ਼ਤੀ ਨਾਲ ਦਬਾਈ ਜਾਂਦੀ ਹੈ, ਉਸ ਨਾਲ ਇਹ ਸੁਭਾਵਕ ਹੀ ਜੁੜ ਜਾਂਦੇ ਹਨ। ਖ਼ਾਸ ਤੌਰ ਤੇ ਖਾੜਕਾਊ ਲਹਿਰਾਂ ਯੁਵਕਾਂ ਨੂੰ ਵੱਡੀ ਪੱਧਰ 'ਤੇ ਧੂਹ ਪਾਉਂਦੀਆਂ ਹਨ। ਜਿਸ ਤੋਂ ਇਕ ਸੂਤਰ ਇਹ ਵੀ ਨਿਕਲਦਾ ਹੈ, ਕਿ ਜਿੰਨਾ ਚਿਰ ਵਿਦਿਆਰਥੀ ਜਥੇਬੰਦੀ ਪੀ. ਐਸ. ਯੂ. ਖਾੜਕੂ ਪ੍ਰੋਗਰਾਮ ਦਿੰਦੀ ਰਹੀ, ਉਦੋਂ ਤੱਕ ਵਿਦਿਆਰਥੀ ਇਸ ਨਾਲ ਜੁੜਦੇ ਰਹੇ ਅਤੇ ਇਸ ਵਲੋਂ ਅਜਿਹਾ ਨਾ ਹੋਣ ਦੀ ਵਜਾਹ ਵੀ ਇਕ ਤੱਥ ਹੈ ਕਿ ਵਿਦਿਆਰਥੀ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਜਾ ਜੁੜੇ ਹਨ।

ਖਾਲਿਸਤਾਨ ਦੇ ਸ਼ੋਸ਼ੇ ਨੂੰ ਮਾਰਕਸੀ ਨਜ਼ਰੀਏ ਤੋਂ ਪਰਖਣ ਦੀ ਲੋੜ ਹੈ। ਰਾਜ ਅਤੇ ਜਮਾਤ ਦਾ ਰਿਸ਼ਤਾ ਦਵੰਦਾਤਮਕ ਹੈ। ਬਿਨਾਂ ਕਿਸੇ ਜਮਾਤ ਦੇ ਕੋਈ ਰਾਜ ਨਹੀਂ ਹੋ ਸਕਦਾ, ਨਾ ਹੀ ਰਾਜ ਤੋਂ ਬਿਨਾਂ ਕਿਸੇ ਜਮਾਤ ਦੀ ਹੋਂਦ ਸੰਭਵ ਹੈ। ਸਵਾਲ ਪੈਦਾ ਹੁੰਦਾ ਹੈ ਕਿ ਸਿੱਖਾਂ ਦੀ ਉਹ ਕਿਹੜੀ ਜਮਾਤ ਹੈ, ਜੀਹਨੂੰ ਖਾਲਿਸਤਾਨ ਦੀ ਲੋੜ ਹੈ ? ਸਿੱਖਾਂ ਦੀਆਂ ਵੱਖ ਵੱਖ ਜਮਾਤਾਂ, ਜਿਨ੍ਹਾਂ ਵਿਚੋਂ ਤਿੰਨ ਜਮਾਤਾਂ—ਸਰਮਾਏਦਾਰ—ਜਗੀਰਦਾਰ, ਸਰਮਾਏਦਾਰ ਅਤੇ ਕਿਸਾਨੀ (ਧਨੀ ਤੇ ਗਰੀਬ) ਹਨ, ਜਿਹਨਾਂ ਦੀ ਸਿਆਸੀ ਪ੍ਰਤੀਨਿੱਧਤਾ ਅਕਾਲੀ ਦਲ ਕਰਦਾ ਹੈ। ਪਰ ਅਕਾਲੀ ਦਲ ਨੇ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ, ਕਿਉਂਕਿ ਇਹਦੀ ਕਿਸੇ ਵੀ ਜਮਾਤ ਨੂੰ ਖਾਲਿਸਤਾਨ ਮਾਫ਼ਕ ਨਹੀਂ ਹੈ। ਖਾਲਿਸਤਾਨ ਦੇ ਝੰਡਾ ਬਰਦਾਰ ਸਿੱਖ-ਰੂੜ੍ਹੀਵਾਦੀਏ ਅਤੇ ਲੰਡਰ (Lumpen) ਤੱਤਾਂ ਦੀ ਕੋਈ ਜਮਾਤ ਨਹੀਂ, ਜੋ ਸਿਰਫ਼ ਸ਼ੋਸ਼ੇਬਾਜ ਅਤੇ ਅੱਗ ਲਾਊ ਹਨ। ਕਿਸੇ ਰਾਜ ਲਈ ਸਿਰਫ਼ ਭਾਵਨਾਵਾਂ ਕੋਈ ਆਧਾਰ ਨਹੀਂ ਹੁੰਦੀਆਂ, ਜਦੋਂ ਤੱਕ ਆਰਥਕ ਹਿੱਤ ਵੱਖਰੇ ਰਾਜ ਦੀ ਮੰਗ ਨਾ ਕਰਨ। ਭਾਵਨਾਵਾਂ ਸਿਰਫ਼ ਰਾਜ ਦੀ ਪ੍ਰਾਪਤੀ ਲਈ ਸਹਾਈ ਹੋ ਸਕਦੀਆਂ ਹਨ। ਇਹ ਦੱਸਣਾ ਵੀ ਵਾਜਬ ਰਹੇਗਾ ਕਿ ਹਾਲੇ ਤੱਕ ਸਿੱਖਾਂ ਅਤੇ ਭਾਰਤੀ ਰਾਜ ਦੀ ਵਿਰੋਧਤਾਈ ਇਸ ਹਦ ਤੱਕ ਵਿਕਸਤ ਨਹੀਂ ਹੋ ਸਕੀ ਕਿ ਇਹ ਖ਼ੂਨੀ ਟੱਕਰ ਵਿਚ ਬਦਲ ਸਕੇ ਅਤੇ ਵੱਖਰੇ ਰਾਜ ਲਈ ਅਮਲੀ ਸੰਘਰਸ਼ ਹੋ ਸਕੇ। ਮੌਜੂਦਾ ਪ੍ਰਸੰਗ ਵਿਚ ਖਾਲਿਸਤਾਨ ਦਾ ਕੋਈ ਅਧਾਰ ਨਹੀਂ ਹੈ। o

## 2. ਖਾਲਿਸਤਾਨ ਦਾ ਸੰਕਲਪ ਕੀ ਹੈ ?

**ਅਜਮੇਰ ਰੋਡੇ,** ਰਿਚਮੰਡ (ਕੈਨੇਡਾ)

ਵਿਦੇਸ਼ਾਂ ਵਿਚ ਰਹਿੰਦੇ ਜੋ ਸਿੱਖ ਖਾਲਿਸਤਾਨ ਦੇ ਹਾਮੀ ਨਹੀਂ, ਉਹ ਸਿੱਖ ਧਰਮ, ਪੰਜਾਬੀ ਸਭਿਆਚਾਰ ਜਾਂ ਪੰਜਾਬੀ ਬੋਲੀ ਦੇ ਵਿਰੋਧੀ ਨਹੀਂ। ਇਸ ਦੇ ਉਲਟ ਸਗੋਂ ਪੰਜਾਬ ਦੀ ਧਰਤੀ, ਪੰਜਾਬ ਦੇ ਲੋਕਾਂ ਦਾ ਮੋਹ ਅਤੇ ਦਰਦ ਉਹਨਾਂ ਦੇ ਲੂੰ ਲੂੰ 'ਚ ਰਚਿਆ ਹੋਇਆ ਹੈ। ਪੰਜਾਬ ਨੂੰ ਹੋਰ ਵੱਢਣ ਟੁੱਕਣ ਨਾਲ ਉਹਨਾਂ ਨੂੰ ਆਪਣੀਆਂ ਜੜ੍ਹਾਂ ਕੱਟੀਦੀਆਂ ਅਨੁਭਵ ਹੁੰਦੀਆਂ ਹਨ। ਆਪਣੀ ਜ਼ਿੰਦਗੀ ਦਾ ਸੋਮਾ ਸੁਕਦਾ ਮਹਿਸੂਸ ਹੁੰਦਾ ਹੈ। ਪੰਜਾਬ ਨਾਲ ਏਸੇ ਲਹੂ ਦੀ ਸਾਂਝ ਅਤੇ ਹਮਦਰਦੀ ਸਦਕਾ ਉਹ ਖਾਲਿਸਤਾਨ ਦਾ ਵਿਰੋਧ ਕਰਦੇ ਹਨ, ਬਿਲਕੁਲ ਉਸੇ ਜਜ਼ਬ ਨਾਲ ਜਿਸ ਤਰ੍ਹਾਂ ਨਾਲ ਖਾਲਿਸਤਾਨ ਦੇ ਹਾਮੀ ਖਾਲਿਸਤਾਨ ਦੀ ਹਿਮਾਇਤ ਕਰਦੇ ਹਨ।

ਇਹ ਵੱਖਰੀ ਗੱਲ ਹੈ ਕਿ ਹਰ ਧਿਰ ਵਿਚ ਕੁਝ ਮੌਕਾਪ੍ਰਸਤ ਵੀ ਹੁੰਦੇ ਹਨ। ਖਾਲਿਸਤਾਨੀ ਸੰਕਲਪ ਦੇ ਅਜੋਕੇ ਲੀਡਰਾਂ ਵਿਚੋਂ ਕੁਝ ਅਜਿਹੇ ਲੋਕ ਅਤੇ ਬਿਜ਼ਨਸਮੈਨ ਵੀ ਹੋਣਗੇ ਜਿਨ੍ਹਾਂ ਨੇ ਸਿੱਖ ਫਲਸਫੇ, ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨਾਲ ਕਦੇ ਦੂਰ ਦਾ ਵਾਸਤਾ ਵੀ ਨਹੀਂ ਰੱਖਿਆ। ਜਿਨ੍ਹਾਂ ਨੇ ਪੰਜਾਬੀ ਬੋਲੀ ਨੂੰ, ਪਿੰਡਾਂ ਦੇ ਗਰੀਬ ਜੱਟਾਂ ਅਤੇ ਦਲਿਤ ਵਰਗ ਦੇ ਲੋਕਾਂ ਨੂੰ ਹਮੇਸ਼ਾਂ ਹਕਾਰਤ ਦੀ ਨਜ਼ਰ ਵੇਖਿਆ ਹੈ। ਪਰ ਉਹਨਾਂ ਦੀ ਹਮਾਇਤ ਨਾਲ ਖਾਲਿਸਤਾਨ ਬਨਾਉਣ ਲਈ ਤਤਪਰ ਹਨ ਕਿਉਂਕਿ ਉਹਨਾਂ ਲਈ ਖਾਲਿਸਤਾਨ ਬਨਾਉਣ ਦਾ ਮੰਤਵ ਪੰਜਾਬ ਦੇ ਲੋਕਾਂ ਦੀ ਭਲਾਈ ਨਹੀਂ ਸਗੋਂ ਆਪਣੇ ਲਈ ਪ੍ਰਧਾਨਗੀਆਂ ਅਤੇ ਵਜ਼ੀਰੀਆਂ ਦੇ ਸੁਪਨੇ ਹਨ।

ਜਿਹੜੇ ਲੋਕ ਸੁਹਿਰਦਤਾ ਨਾਲ ਖਾਲਿਸਤਾਨ ਵਿਚ ਵਿਸ਼ਵਾਸ ਰੱਖਦੇ ਹਨ ਉਹਨਾਂ ਨੇ ਅੱਜ ਤੱਕ ਖਾਲਿਸਤਾਨ ਦਾ ਕੋਈ ਗੰਭੀਰ ਪ੍ਰਸਤਾਵ ਪੇਸ਼ ਨਹੀਂ ਕੀਤਾ ਜਿਸ ਤੇ ਕੋਈ ਸੰਜੀਦਾ ਬਹਿਸ ਸ਼ੁਰੂ ਹੋ ਸਕੇ। ਵਿਗਿਆਨਕ ਢੰਗ ਨਾਲ, ਤਰਕ ਅਤੇ ਦਲੀਲ ਨਾਲ ਸਿੱਧ ਨਹੀਂ ਕੀਤਾ ਕਿ ਸਿਰਫ਼ ਖਾਲਿਸਤਾਨ ਹੀ ਸਿੱਖਾਂ ਅਤੇ ਪੰਜਾਬ ਦੀਆਂ ਮੁਸ਼ਕਲਾਂ ਦਾ ਹੱਲ ਹੈ। ਫਿਰਕੂ ਨਾਅਰੇਬਾਜ਼ੀ, ਫਤਵੇਬਾਜ਼ੀ, ਧਰਮਯੁੱਧ ਅਤੇ ਬਹਾਦਰੀ ਦੇ ਨਾਅਰੇ ਆਰਥਕ ਮੁਸ਼ਕਲਾਂ ਵਿਚ ਫਸੇ ਲੋਕਾਂ ਨੂੰ ਵਕਤੀ ਤੌਰ ਉਤੇ ਤਾਂ ਪ੍ਰਭਾਵਿਤ ਕਰ ਸਕਦੇ ਹਨ ਪਰ ਬਹੁਤਾ ਚਿਰ ਮਗਰ ਨਹੀਂ ਲਾ ਸਕਦੇ। ਜਜ਼ਬਾਤੀ ਉਭਾਰ ਲਿਆਉਣ ਦੀ ਵੀ ਵੱਡੀ ਮਹੱਤਤਾ ਹੈ ਪਰ ਬਿਨਾਂ ਕਿਸੇ ਦਲੀਲ ਅਤੇ ਠੋਸ ਆਧਾਰ ਦੇ ਇਹ ਵਾਵਰੋਲੇ ਵਾਂਗ ਸ਼ੂਕ ਕੇ ਲੰਘ ਜਾਂਦਾ ਹੈ ਅਤੇ ਜੀਵਨ ਵਿਚ ਕੋਈ ਸਵੱਛਤਾ ਲਿਆਉਣ ਦੀ ਬਜਾਇ ਸਿਰਾਂ 'ਚ

ਮਿੱਟੀ ਘੱਟਾ ਪਾ ਕੇ ਤੁਰ ਜਾਂਦਾ ਹੈ।

ਜੋ ਲੋਕ ਇਹ ਦਲੀਲ ਪੇਸ਼ ਕਰਦੇ ਹਨ ਕਿ ਹਰਿਮੰਦਰ ਸਾਹਿਬ ਉਤੇ ਫੌਜੀ ਹਮਲੇ ਤੋਂ ਪਿਛੋਂ ਹੁਣ ਖਾਲਿਸਤਾਨ ਤੋਂ ਬਿਨਾਂ ਕੋਈ ਚਾਰਾ ਨਹੀਂ ਉਹ ਵੀ ਸ਼ਾਇਦ ਭੁਲੇਖੇ ਵਿਚ ਹਨ। ਖਾਲਿਸਤਾਨ ਬਣਨ ਤੋਂ ਪਿੱਛੋਂ ਕੀ ਗਰੰਟੀ ਕੀਤੀ ਜਾ ਸਕਦੀ ਹੈ ਕਿ ਅਰਬਾਂ-ਇਜ਼ਰਾਈਲਾਂ ਦੀਆਂ ਜੰਗਾਂ ਵਾਂਗ ਫੇਰ ਹਰਿਮੰਦਰ ਸਾਹਿਬ ਤੇ ਹਮਲਾ ਨਹੀਂ ਹੋਵੇਗਾ, ਵਿਸ਼ੇਸ਼ ਕਰਕੇ ਜੇ ਪ੍ਰਧਾਨ ਮੰਤਰੀ ਕੋਈ ਕੱਟੜ ਧਰਮੀ ਬਣ ਗਿਆ। ਜੋ ਲੋਕ ਅਮਰੀਕਾ ਦੀ ਸ਼ਹਿ ਤੇ ਆਸਰਾ ਰੱਖਦੇ ਹਨ ਉਹ ਭੁਲਦੇ ਹਨ ਕਿ ਭਾਰਤ ਜਦੋਂ ਜੀ ਚਾਹੇ ਆਪਣੀ ਪਾਲਿਸੀ ਵਿਚ ਥੋੜੀ ਜਿਹੀ ਤਬਦੀਲੀ ਕਰਕੇ (ਜਾਂ ਕਹਿ ਲੋ ਗੁਲਾਮੀ ਮਨਜ਼ੂਰ ਕਰਕੇ) ਅਮਰੀਕਾ ਨੂੰ ਆਪਣਾ ਹਮਾਇਤੀ ਬਣਾ ਸਕਦਾ ਹੈ।

ਮੇਰੇ ਵਿਚਾਰ ਅਨੁਸਾਰ ਖਾਲਿਸਤਾਨ ਦਾ ਸੰਕਲਪ ਕਿਸੇ ਡੂੰਘੀ ਸੋਚ ਵਿਚਾਰ, ਵਿਸ਼ਲੇਸ਼ਣ ਅਤੇ ਲੋਕ ਭਲਾਈ ਦੀ ਭਾਵਨਾ ਵਿਚੋਂ ਨਹੀਂ ਉਪਜਿਆ ਸਗੋਂ ਪੰਜਾਬ ਦੀਆਂ ਅਤਿ ਪੇਚੀਦਾ ਸਿਆਸੀ ਮੁਸ਼ਕਲਾਂ ਤੋਂ ਭਾਂਜ ਅਤੇ ਜ਼ਖਮੀ ਹੋਏ ਧਾਰਮਿਕ ਜਜ਼ਬਿਆਂ ਦੇ ਪ੍ਰਤਿਕਰਮ ਵਜੋਂ ਹੋਂਦ ਵਿਚ ਆਇਆ ਹੈ। ਪੰਜਾਬ ਦੀਆਂ ਮੁਸ਼ਕਲਾਂ ਦਾ ਕੌਣ ਜ਼ਿਮੇ-ਵਾਰ ਹੈ: ਕੇਂਦਰੀ ਸਰਕਾਰ? ਹਿੰਦੂ ਫ਼ਿਰਕਾਪ੍ਰਸਤ ਲੀਡਰ? ਜਾਂ ਅਕਾਲੀ ਲੀਡਰ ਤੇ ਜਾਂ ਤਿੰਨੇ ਹੀ? ਇਹ ਆਪਣੇ ਆਪ ਵਿਚ ਇਕ ਵੱਡਾ ਵਿਸ਼ਾ ਹੈ ਅਤੇ ਇਸ ਉਤੇ ਬਹੁਤ ਵਾਰ ਲਿਖਿਆ ਜਾ ਚੁੱਕਾ ਹੈ। ਸੰਖੇਪ ਤੌਰ ਤੇ ਇਹ ਨੁਕਤੇ ਸਾਹਮਣੇ ਆਏ ਹਨ: ਕੇਂਦਰੀ ਸਰਕਾਰ ਨੇ ਕਾਂਗਰਸ ਨੂੰ ਪਾਵਰ ਵਿਚ ਰੱਖਣ ਲਈ ਹਿੰਦੂ-ਸਿੱਖ ਏਕਤਾ ਨੂੰ ਕਦੇ ਉਤਸ਼ਾਹਤ ਨਹੀਂ ਕੀਤਾ ਸਗੋਂ ਜਦੋਂ ਕਦੇ ਪਾਵਰ ਹੱਥੋਂ ਜਾਂਦੀ ਦਿੱਸੀ ਫਿਰਕਾਪ੍ਰਸਤੀ ਨੂੰ ਸ਼ਹਿ ਦਿੱਤੀ ਅਤੇ ਪੰਜਾਬ ਦੇ ਲੋਕਾਂ ਨਾਲ ਧਰੋਹ ਕੀਤਾ। ਹਿੰਦੂ ਫਿਰਕਾਪ੍ਰਸਤ ਅਤੇ ਸਵਾਰਥੀ ਲੀਡਰਾਂ ਨੇ ਪੰਜਾਬ ਦੀ ਧਰਤੀ ਉਤੇ ਰਹਿੰਦਿਆਂ ਵਫ਼ਾਦਾਰੀ ਹਮੇਸ਼ਾਂ ਦਿੱਲੀ ਨਾਲ ਰੱਖੀ ਅਤੇ ਸਾਧਾਰਣ ਹਿੰਦੂ ਜਨਤਾ ਨੂੰ ਆਪਣੀ ਮਾਂ ਬੋਲੀ ਪੰਜਾਬੀ ਤੋਂ ਬੇਮੁੱਖ ਹੋਣ ਲਈ ਵਰਗਲਾਇਆ ਅਤੇ ਪੰਜਾਬ ਦੀਆਂ ਜਾਇਜ਼ ਮੰਗਾਂ ਦੀ ਵੀ ਹਮਾਇਤ ਨਹੀਂ ਕੀਤੀ। ਅਕਾਲੀ ਲੀਡਰਾਂ ਨੇ ਆਪਣੇ ਆਪ ਨੂੰ ਸਿਆਸੀ ਅਖਾੜੇ ਵਿਚ ਕਮਜ਼ੋਰ ਵੇਖ ਕੇ ਹਮੇਸ਼ਾਂ ਧਰਮ ਦੀ ਆੜ ਲਈ ਅਤੇ ਪੰਜਾਬ ਦੀਆਂ ਆਰਥਕ ਸਮੱਸਿਆਵਾਂ ਨੂੰ ਧਾਰਮਕ ਰੰਗਣ ਦੇ ਕੇ ਉਲਝਾਇਆ ਅਤੇ ਫਿਰਕੂ ਬਣਾਇਆ।

ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿੱਖਾਂ ਲਈ ਇਹਨਾਂ ਮੁਸ਼ਕਲਾਂ ਦਾ ਹੱਲ ਖਾਲਿਸਤਾਨ ਹੈ?

ਪਹਿਲੀ ਸਮੱਸਿਆ ਤਾਂ ਖਾਲਿਸਤਾਨ ਦੀ ਪ੍ਰਾਪਤੀ ਦੀ ਹੈ। ਕੀ ਖਾਲਿਸਤਾਨ ਭਾਰਤ ਸਰਕਾਰ ਨਾਲ ਸ਼ਾਂਤੀ-ਪੂਰਵਕ ਗੱਲਬਾਤ ਕਰਨ ਨਾਲ ਮਿਲ ਜਾਵੇਗਾ? ਇਹ ਗੱਲ ਲਗਭਗ ਅਸੰਭਵ ਹੀ ਹੈ ਕਿਉਂਕਿ ਜੇ ਭਾਰਤ ਸਰਕਾਰ ਨੇ ਅੱਜ ਖਾਲਿਸਤਾਨ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਅਜ਼ਾਦ ਮੁਲਕ ਦਾ ਦਰਜਾ ਦੇ ਦਿੱਤਾ ਤਾਂ ਕਲ ਨੂੰ ਅਸਾਮ, ਬੰਗਾਲ, ਤਾਮਲਨਾਡੂ—ਲਗਭਗ ਹਰ ਸੂਬੇ ਵਿਚ ਕੁਝ ਅਜਿਹੇ ਲੋਕ ਹੋਣਗੇ ਜੋ ਧਰਮ ਜਾਂ ਕਿਸੇ ਹੋਰ ਆਧਾਰ ਉਤੇ ਸੁਤੰਤਰ ਦੇਸ਼ ਦੀ ਮੰਗ ਕਰਨਗੇ। ਦੂਸਰਾ ਰਾਹ ਯੁੱਧ ਦਾ ਹੈ ਜੋ ਕੇਵਲ ਕਿਸੇ ਵੱਡੀ ਵਿਦੇਸ਼ੀ ਤਾਕਤ ਦੀ ਸਹਾ-ਇਤਾ ਨਾਲ ਹੀ ਲੜਿਆ ਜਾ ਸਕਦਾ ਹੈ। ਇਹ ਵਿਦੇਸ਼ੀ ਤਾਕਤ ਅਮਰੀਕਾ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ। ਰੂਸ ਤਾਂ ਪਹਿਲਾਂ ਹੀ ਭਾਰਤ ਸਰਕਾਰ ਦਾ ਭਾਈਵਾਲ ਹੈ। ਇਹ ਜੰਗ ਅਤਿਅੰਤ ਭਿਅੰਕਰ ਰੂਪ ਧਾਰ ਲਵੇਗਾ ਤੇ ਸਹਿਜੇ ਹੀ ਤੀਜੇ ਵਿਸ਼ਵਯੁੱਧ ਛਿੜਨ ਦਾ ਕਾਰਨ ਵੀ ਬਣ ਸਕਦਾ ਹੈ।

ਜੇ ਤੀਜੇ ਵਿਸ਼ਵਯੁੱਧ ਤੋਂ ਬਚਾ ਹੋ ਵੀ ਗਿਆ ਅਤੇ 30-35 ਸਾਲਾਂ ਦੀ ਅਤਿ ਭਿਅੰਕਰ ਲੜਾਈ ਪਿਛੋਂ ਲੱਖਾਂ ਦੀ ਗਿਣਤੀ ਵਿਚ ਜਾਨਾਂ ਤਬਾਹ ਕਰਕੇ ਪੰਜਾਬ ਦੀ ਧਰਤੀ ਨੂੰ ਬੰਬਾਂ ਨਾਲ ਸਾੜ ਕੇ ਜੇ ਕੋਈ ਸਮਝੌਤਾ ਹੋ ਵੀ ਗਿਆ ਤਾਂ ਪੰਜਾਬ ਦੀ ਵੰਡ ਜਾਂ ਹਿੰਦੂ ਸਿੱਖ ਤਬਾਦਲੇ ਦਾ ਸੁਆਲ ਨਜਿੱਠ ਕੇ ਹੀ ਹੋਵੇਗਾ। ਜੇ ਪੰਜਾਬ ਦੀ ਵੰਡ ਹੋਈ ਤਾਂ ਖਾਲਿਸਤਾਨ ਦਾ ਅਕਾਰ ਅਜੋਕੇ ਪੰਜਾਬ ਨਾਲੋਂ ਮਸਾਂ ਅੱਧਾ ਕੁ ਹੀ ਹੋਵੇਗਾ (ਖਾਲਿਸਤਾਨ ਦੇ ਲੀਡਰ ਤਾਂ ਭਾਵੇਂ ਜਿੱਡੇ ਮਰਜ਼ੀ ਨਕਸ਼ੇ ਬਣਾਈ ਜਾਣ) ਜੇ ਹਿੰਦੂ ਸਿੱਖ ਵਸੋਂ ਦਾ ਤਬਾਦਲਾ ਹੋਇਆ ਤਾਂ ਨਤੀਜੇ ਸ਼ਾਇਦ 1947 ਦੇ ਤਬਾਦਲੇ ਤੋਂ ਵੀ ਵੱਧ ਭਿਅੰਕਰ ਨਿਕਲਣ ਕਿਉਂਕਿ ਇਹ ਤਬਾਦਲਾ ਆਪਸੀ ਲੰਬੀ ਅਤੇ ਜ਼ਹਿਰੀਲੀ ਲੜਾਈ ਪਿਛੋਂ ਹੋਵੇਗਾ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦਾ ਕੀ ਹਸ਼ਰ ਹੋਵੇਗਾ ਇਸਦਾ ਸ਼ਾਇਦ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ।

ਜੇ ਯੁੱਧ ਪਿਛੋਂ ਖਾਲਿਸਤਾਨ ਅਜੋਕੇ ਪੰਜਾਬ ਨਾਲੋਂ ਅੱਧਾ ਜਾਂ ਪੰਜਾਬ ਜਿੱਡਾ ਹੀ ਬਣ ਗਿਆ ਤਾਂ ਖਾਲਿਸਤਾਨ ਅਮਰੀਕਾ ਦਾ ਗੁਲਾਮ ਹੋਵੇਗਾ ਅਤੇ ਭਾਰਤ ਰੂਸ ਦਾ। ਪਾਕਿਸਤਾਨ ਭਾਰਤ ਰੂਸ ਚੀਨ ਵਰਗੇ ਵਿਸ਼ਾਲ ਖੇਤਰਫਲਾਂ ਅਤੇ ਆਬਾਦੀਆਂ ਵਾਲੇ ਮੁਲਕਾਂ ਵਿਚਕਾਰ ਘਿਰੇ ਅਤੇ ਮਸਾਂ ਡੇਢ ਕੁ ਕਰੋੜ ਅਬਾਦੀ ਵਾਲੇ ਖਾਲਿਸਤਾਨ ਦੀ ਕੀ ਭਵਿਸ਼ ਹੋ ਸਕਦਾ ਹੈ— ਸਿਵਾਏ ਅਮਰੀਕਾ ਦਾ ਫੌਜੀ ਅੱਡਾ ਬਣਨ ਦੇ?

ਫਰਜ਼ ਕਰੋ ਜੇ ਕਿਸੇ ਕਰਾਮਾਤ ਨਾਲ ਖਾਲਿਸਤਾਨ ਅਮਰੀਕਾ ਦਾ ਫੌਜੀ ਅੱਡਾ ਬਣਨ ਤੋਂ ਬਚ ਜਾਂਦਾ ਹੈ— ਭਾਰਤ, ਪਾਕਿਸਤਾਨ, ਰੂਸ ਅਤੇ ਚੀਨ ਨਾਲ ਸੰਬੰਧ ਵੀ

ਕੁਸਤੇਨਾ ਹੋ ਜਾਂਦੇ ਹਨ (ਜੋ ਲਗਭਗ ਅਸੰਭਵ ਹੀ ਜਾਪਦਾ ਹੈ) ਫੇਰ ਵੀ ਧਰਮ ਦੇ ਅਧਾਰ ਤੇ ਬਣਿਆ ਦੇਸ਼ ਕਦੋਂ ਕੁ ਤੱਕ ਜੁੜਿਆ ਰਹਿ ਸਕੇਗਾ। ਪਾਕਿਸਤਾਨ ਇਸਲਾਮ ਦੇ ਆਧਾਰ ਤੇ ਬਣ ਕੇ ਦੋ ਟੋਟੇ ਕਿਉਂ ਹੋ ਗਿਆ? ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਪਿਛੋਂ ਸਿੱਖ ਰਾਜ ਟੁਕੜੇ ਟੁਕੜੇ ਕਿਉਂ ਹੋ ਗਿਆ। ਜੇ ਭਾਰਤ ਵਿਚ 2 ਪ੍ਰਤੀਸ਼ਤ ਸਿੱਖ 80 ਪ੍ਰਤੀਸ਼ਤ ਹਿੰਦੂਆਂ ਹੱਥੋਂ ਘੱਟ ਗਿਣਤੀ ਕਰਕੇ ਤੰਗ ਹਨ ਤਾਂ ਖਾਲਿਸਤਾਨ ਵਿਚ ਕੀ ਗਰੰਟੀ ਹੈ ਕਿ ਘੱਟ ਗਿਣਤੀ ਦਲਿੱਤ ਜਾਤੀਆਂ ਦੇ 10 ਪ੍ਰਤੀਸ਼ਤ ਸਿੱਖ, ਸੱਤਾਧਾਰੀ ਬਹੁਗਿਣਤੀ ਸਿੱਖਾਂ ਹੱਥੋਂ ਦੁਖੀ ਨਾ ਹੋਣਗੇ ਅਤੇ ਅੱਡ ਦੇਸ਼ ਨਾ ਮੰਗਣਗੇ? ਕੀ ਅਸੀਂ ਸਿੱਖਾਂ ਨੇ ਜ਼ਾਤਪਾਤ ਦੇ ਕੋਹੜ ਤੋਂ ਪਿੱਛਾ ਛੁਡਾ ਲਿਆ ਹੈ?

ਪਰ ਜੇ ਕਿਸੇ ਹੋਰ ਕਰਾਮਾਤ ਨਾਲ ਖਾਲਿਸਤਾਨ ਦੇ ਲੀਡਰਾਂ ਵਿਚ ਫੁੱਟ ਨਾ ਪਈ, ਦੇਸ਼ ਅਖੰਡ ਰਿਹਾ, ਹਰ ਕੋਈ ਸੰਤੁਸ਼ਟ ਹੋਇਆ (ਜੋ ਲਗਭਗ ਅਸੰਭਵ ਹੀ ਜਾਪਦਾ ਹੈ) ਤਾਂ ਵੀ ਧਰਮ ਦੇ ਅਧਾਰ ਤੇ ਬਣਿਆ ਮੁਲਕ ਸਦੀਆਂ ਤੱਕ ਪਛੜਿਆ ਰਹੇਗਾ। ਖਾਲਿਸਤਾਨ ਨੂੰ ਕਲਾ ਦੇ ਖੇਤਰ ਵਿਚ ਜਾਂ ਖੇਤੀਬਾੜੀ ਦੇ ਖੇਤਰ ਵਿਚ ਤਾਂ ਸ਼ਾਇਦ ਕੋਈ ਘਾਟ ਨਾ ਮਹਿਸੂਸ ਹੋਵੇ ਪਰ ਅਜੋਕੇ ਸਮੇਂ ਵਿਚ ਉਨਤੀ ਕਰਨ ਲਈ ਵਿਗਿਆਨੀਆਂ, ਟੈਕਨਾਲੋਜਿਸਟਾਂ ਅਤੇ ਵਿਦਿਅਕ ਮਾਹਰਾਂ ਆਦਿ ਦਾ ਤਬਾਦਲਾ ਬਹੁਤ ਜ਼ਰੂਰੀ ਹੈ। ਅਮਰੀਕਾ ਦਾ ਦੂਜੇ ਯੁੱਧ ਪਿਛੋਂ ਇਕ ਦਮ ਵੱਡੀ ਤਾਕਤ ਬਣਨ ਦਾ ਇਕ ਕਾਰਨ ਇਹ ਹੈ ਕਿ ਬਹੁਤ ਮੁਲਕਾਂ ਤੋਂ ਅੱਡ ਅੱਡ ਧਰਮਾਂ ਦੇ ਵਿਗਿਆਨੀ ਤੇ ਤਕਨੀਕੀ ਮਾਹਰ ਏਥੇ ਆ ਕੇ ਵਸ ਗਏ। ਅਮਰੀਕਾ ਵਿਚ ਉਹਨਾਂ ਨੂੰ ਕਿਸੇ ਧਰਮ ਦੀ ਪਾਬੰਦੀ ਨਹੀਂ ਸੀ—ਆਈਨਸਟਾਈਨ, ਫਰਮੀ, ਨਿਊਮਨ, ਐਡਵਰਡ ਟੈਲਰ ਆਦਿ ਬਾਹਰੋਂ ਆਏ ਵਿਗਿਆਨੀਆਂ ਦੀਆਂ ਖੋਜਾਂ ਨੇ ਅਮਰੀਕਾ ਨੂੰ ਰੂਸ ਦੇ ਮੁਕਾਬਲੇ ਦੀ ਨਹੀਂ ਉਸ ਤੋਂ ਵੀ ਅੱਗੇ ਦੀ ਤਾਕਤ ਬਣਾ ਦਿੱਤਾ। ਖਾਲਿਸਤਾਨ ਵਿਚ ਜਿੱਥੇ ਕੇਵਲ ਸਿੱਖ ਧਰਮ ਦਾ ਹੀ ਬੋਲਬਾਲਾ ਹੋਇਆ, ਕਿਹੜਾ ਈਸਾਈ, ਮੁਸਲਮਾਨ, ਹਿੰਦੂ ਵਿਗਿਆਨੀ ਜਾ ਕੇ ਵੱਸਣਾ ਪਸੰਦ ਕਰੇਗਾ। ਏਥੋਂ ਤੱਕ ਕਿ ਕੱਟੜ ਧਰਮ ਪੰਥੀਆਂ ਹੱਥੋਂ ਸਿੱਖ ਵਿਗਿਆਨੀਆਂ ਨੂੰ ਵੀ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ ਕਿਉਂਕਿ ਧਾਰਮਿਕ ਕੱਟੜਤਾ ਅਤੇ ਵਿਗਿਆਨ ਅੱਖ ਨਾਲ ਅੱਖ ਨਹੀਂ ਮੇਲ ਸਕਦੇ। ਅੱਜ ਅਰਬ ਦੇਸ਼, ਵਿਗਿਆਨੀਆਂ ਅਤੇ ਤਕਨੀਕੀ ਮਾਹਰਾਂ ਨੂੰ ਅਮਰੀਕਾ ਨਾਲੋਂ ਵੀ ਜ਼ਿਆਦਾ ਤਨਖਾਹਾਂ ਦੀ ਪੇਸ਼ਕਸ਼ ਕਰ ਰਹੇ ਹਨ। ਪਰ ਕੋਈ ਦੱਸ ਸਕਦਾ ਹੈ ਕਿੰਨੇ ਕੁ ਚੋਟੀ ਦੇ ਵਿਗਿਆਨੀ ਅਤੇ ਟੈਕਨਾਲੋਜਿਸਟ ਉਥੇ ਜਾ ਕੇ ਵਸੇ ਹਨ। ਸਾਲ ਦੇ ਸਾਲ ਲਈ ਪੈਸੇ ਕਮਾਉਣ ਜ਼ਰੂਰ ਜਾਂਦੇ ਹਨ। ਫੇਰ ਵੀ ਸ਼ਰਾਬ ਪੀਣ ਦੇ ਦੋਸ਼ ਵਿਚ ਜਾਂ ਪਰਾਈ ਔਰਤ ਨਾਲ ਸੰਬੰਧ ਦੇ ਸ਼ੱਕ ਵਿਚ ਪਤਾ ਨਹੀਂ ਕਦੋਂ ਹੱਥ ਕੱਟ ਦਿੱਤਾ ਜਾਵੇ ਜਾਂ ਪਬਲਿਕ ਵਿਚ ਕੋਰੜੇ ਲੱਗ ਜਾਣ। ਇਸ ਗੱਲ ਦੀ ਕੀ ਗਰੰਟੀ ਹੈ ਕਿ ਖਾਲਿਸਤਾਨ ਬਣਨ ਦੀ ਹਾਲਤ ਵਿਚ ਉਥੇ ਅਜਿਹੀ ਧਾਰਮਕ ਕੱਟੜ ਪੰਥੀ ਨਹੀਂ ਪੈਦਾ ਹੋਵੇਗੀ?

ਖਾਲਿਸਤਾਨ ਦੇ ਸਮਰਥਕ ਦੋਸਤੋ, ਮੈਂ ਕੋਈ ਸਿੱਖ ਪ੍ਰਚਾਰ ਨਹੀਂ ਕਰ ਰਿਹਾ ਨਾ ਹੀ ਭਾਰਤ ਸਰਕਾਰ ਦੀ ਹਮਾਇਤ ਕਰ ਰਿਹਾ ਹਾਂ, ਜੋ ਸਾਡੇ ਦੁੱਖਾਂ ਕਲੇਸ਼ਾਂ ਦੀ ਸਭ ਤੋਂ ਵੱਧ ਜ਼ਿੰਮੇਵਾਰ ਹੈ, ਤੇ ਜਿਸ ਨੇ ਸਧਾਰਨ ਬੇਕਸੂਰ ਸਿੱਖ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਤਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਮੇਰਾ ਸਿਰਫ ਏਹੋ ਸੰਨਿਮਰ ਸੁਝਾਅ ਹੈ ਕਿ ਖਾਲਿਸਤਾਨ ਦੇ ਸੰਕਲਪ ਵਿਚ ਸਾਡੀ ਕੋਈ ਮੁਕਤੀ ਨਹੀਂ। ਧਰਮ ਨੂੰ ਰੂਹਾਨੀ ਅਤੇ ਮਾਨਸਿਕ ਸ਼ਾਂਤੀ ਤੱਕ ਹੀ ਸੀਮਤ ਰੱਖੋ। ਆਰਥਿਕ ਤੇ ਸਿਆਸੀ ਖੇਤਰਾਂ ਵਿਚ ਧਰਮ ਨਿਰਲੇਪ ਜੱਦੋ ਜਹਿਦਾਂ ਰਾਹੀਂ ਸਰਕਾਰ ਨੂੰ ਵੰਗਾਰੋ—ਏਸੇ ਵਿਚ ਸਾਡਾ ਭਲਾ ਹੈ ਤੇ ਇਸੇ ਵਿਚ ਸਾਡੀ ਉਨਤੀ।

—ਕੈਨੇਡਾ ਦਰਪਨ ਤੋਂ ਧੰਨਵਾਦ ਸਹਿਤ

## ਪਾਠਕ ਲੇਖਕ ਫੋਰਮ

### 1. ਇਕ ਚਿੱਠੀ

ਮਾਰਚ 85 ਦੀ ਸਮਤਾ ਪੜ੍ਹੀ। ਜਿਸ ਵਿਚ ਦੋ ਲਿਖਤਾਂ ਚਣੌਤੀਆਂ ਦੇ ਰੂਪ 'ਚ ਛਪੀਆਂ। ਜਿਨ੍ਹਾਂ ਵਿਚੋਂ ਇਕ ਤੁਹਾਡੇ ਵਲੋਂ ਰਜੀਵ ਗਾਂਧੀ ਦੇ ਨਾਂ ਖੁਲ੍ਹਾ ਖਤ ਅਤੇ ਦੂਸਰੀ ਲਿਖਤ "ਜੋਤਸ਼ੀਆਂ ਨੂੰ ਚਣੌਤੀ ਤੇ ਪੁਨਰ-ਜਨਮ ਸਨ। ਭਾ ਜੀ, ਵਧੀਆ ਗੱਲ ਹੋਵੇ ਜੇਕਰ ਉਪਰੋਕਤ ਦੋਵੇਂ ਲਿਖਤਾਂ ਰੋਜ਼ਾਨਾ ਛਪਦੀਆਂ ਅਖਬਾਰਾਂ ਵਿਚ ਛਪ ਜਾਣ। ਤਾਂ ਕਿ ਸਧਾਰਨ ਲੋਕ ਇਹ ਜਾਣ ਸੱਕਣ ਕਿ ਉਹ ਕੌਣ ਲੋਕ ਹਨ ਜੋ ਉਹਨਾਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਖਦੇ ਹਨ ਅਤੇ ਲੋਕਾਂ ਦੀ ਅੰਤਮ ਮੁਕਤੀ ਲਈ ਰਾਹ ਦਰਸਾਵਾ ਕੌਣ ਸਾਬਤ ਹੋ ਰਿਹਾ ਹੈ। ਵਿਚਾਰ-ਚਰਚਾ ਵਿਚ ਸੁਰਜੀਤ ਗਿੱਲ ਦੇ ਵਿਚਾਰ ਪੜ੍ਹਨ ਦਾ ਮੌਕਾ ਵੀ ਮਿਲਿਆ ਜਿਸ ਉਹਨਾਂ ਨੇ ਸੰਸਾਰ ਜੰਗ ਲਈ ਸਿਰਫ ਅਮਰੀਕਾ ਸਾਮਰਾਜ ਨੂੰ ਦੋਸ਼ੀ ਠਹਿਰਾਇਆ ਹੈ ਜਦੋਂ ਕਿ ਬੀਤੇ ਸਮੇਂ ਨੇ ਸਾਬਤ ਕਰਵਾ ਦਿੱਤਾ ਹੈ ਕਿ ਰੂਸ ਵੀ ਇਸ ਜੰਗ ਲਈ ਬਰਾਬਰ ਦਾ ਭਾਈਵਾਲ ਹੈ। ਜੇ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਨੇ ਹਿੰਦੋਸਤਾਨ ਦੀ ਖੁਫੀਆਂ ਦਸਤਾਵੇਜ਼ਾਂ ਪ੍ਰਾਪਤ ਕਰਨ ਲਈ ਕੋਸ਼ਿਸ਼ ਕੀਤੀਆਂ ਹਨ ਤਾਂ ਪੋਲੈਂਡ,

ਰੂਸ,ਜਰਮਨੀ ਵੀ ਪਿਛੇ ਨਹੀਂ ਰਹੇ। ਫਿਰ ਰੂਸ ਕਿਧਰਲਾ ਸਮਾਜਵਾਦੀ ਹੋਇਆ । ਜਿਸਨੇ ਕਾਫੀ ਸਾਲਾਂ ਤੋਂ ਅਫਗਾਨਸਤਾਨ ਵਿਚ ਡੇਰੇ ਲਾਏ ਹੋਏ ਹਨ। ਉਥੋਂ ਦੇ ਲੋਕਾਂ ਦਾ ਤਾਕਤ ਦੇ ਜ਼ੋਰ ਮਲੀਆਮੇਟ ਕਰਨ ਤੇ ਤੁਲਿਆ ਹੋਇਆ ਹੈ। ਭਾਵੇਂ ਪਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਫਿਰ ਵੀ ਗਿਲ ਵਰਗੇ ਗੈਰ-ਮਾਰਕਸੀ ਧਾਰਨਾ ਵਾਲੇ ਲੋਕ ਇਕੋ ਹੀ ਤੋਤਾ ਰੱਟ ਲਾਈ ਜਾ ਰਹੇ ਹਨ ਕਿ ਰੂਸ ਸਮਾਜਵਾਦੀ ਹੈ। ਆਉਣ ਵਾਲਾ ਸਮਾਂ ਇਹਨਾਂ ਦੇ ਸਮਾਜਵਾਦੀ ਨਕਾਬਾਂ ਨੂੰ ਲਾਹਣ ਲਈ ਕਮਰਕੱਸੇ ਕਰ ਰਿਹਾ ਹੈ।

'ਸੁਖਦੇਵ ਸਿੰਘ 'ਮਾਹੀ'

## 2. ਰੋੜਕੇਲਾ ਤੋਂ ਇਕ ਚਿੱਠੀ

ਕਲਕੱਤੇ ਦੇ ਰੋਜ਼ਾਨਾ ਅੰਗਰੇਜ਼ੀ ਅਖਬਾਰ "The Telegraph" ਵਿਚ ਛਪੀ ਸ੍ਰੀ ਰਾਜੀਵ ਗਾਂਧੀ ਦੇ ਨਾਮ ਖੁੱਲੀ ਚਿੱਠੀ ਲਈ ਸਮੂੰਹ ਸਿੱਖ ਜਗਤ (ਜੋ ਪੰਜਾਬ ਤੋਂ ਬਾਹਰ ਬੈਠਾ ਹੈ) ਤੁਹਾਨੂੰ ਦਾਦ ਦਿੰਦਾ ਹੈ। ਤਹਾਡੀ ਚਿੱਠੀ ਪੜ੍ਹਕੇ ਸਭ ਵਰਗਾਂ ਦੇ ਲੋਕ ਬਹੁਤ ਪ੍ਰਭਾਵਤ ਹੋਏ ਬਹੁਤਿਆਂ ਨੇ ਤਾਂ ਉਸ ਦਿਨ ਦਾ ਅਖਬਾਰ ਇਕ ਦੂਜੇ ਤੋਂ ਲੈ ਕੇ ਪੜ੍ਹਿਆ ਤੇ ਤੁਹਾਡੀ ਹਿੰਮਤ ਤੇ ਖਿਆਲਤਾਂ ਨੂੰ ਸਰਾਹਿਆ।

ਅੱਜ ਤੁਹਾਡਾ ਮਾਰਚ ਮਹੀਨੇ ਦਾ ਪਰਚਾ ਮਿਲਿਆ, ਜਿਸ ਵਿਚ ਚਿੱਠੀ ਦਾ ਵਿਸਥਾਰ ਵਿਚ ਅਸਲੀ ਰੂਪ ਛਪਿਆ ਹੈ। ਰੌੜਕੇਲੇ ਦੀ ਇਸਪਾਤ ਨਗਰੀ ਵਿਚ ਸ਼ਾਇਦ ਮੇਰੇ ਕੋਲ ਹੀ "ਸਮਤਾ" ਬਾਕਾਇਦਾ ਹਰ ਮਹੀਨੇ ਪੁਜ ਰਿਹਾ ਹੈ। ਇਸ ਲਈ ਏਥੋਂ ਦੀ ਪੰਜਾਬੀ ਬਰਾਦਰੀ ਮੇਰੇ ਕੋਲੋਂ ਹੀ ਪੁਛ ਗਿਛ ਕਰ ਰਹੀ ਹੈ। ਕਈ ਸਜਣ ਤਾਂ ਸਾਲਾਨਾ ਗਾਹਕ ਬਨਣ ਨੂੰ ਤਿਆਰ ਹੋ ਗਏ ਹਨ। ਉਨ੍ਹਾਂ ਦੀ ਲਿਸਟ ਕੁਝ ਦਿਨਾਂ ਵਿਚ ਬਣਾ ਕੇ ਭੇਜ ਦਿੱਤੀ ਜਾਵੇਗੀ।

ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਨੂੰ ਜੋ ਕੁਝ ਵੀ ਤੁਸੀਂ ਲਿਖਿਆ, ਉਹ ਠੀਕ ਹੈ। ਪਰ ਚੰਗਾ ਹੋਵੇ ਏਸ ਤਰ੍ਹਾਂ ਦੀ ਚਿੱਠੀ ਤੁਸੀਂ ਉਨ੍ਹਾਂ ਅਕਾਲੀਆਂ ਨੂੰ ਵੀ ਲਿਖੋ ਜੋ ਅਜੇ ਵੀ ਆਪਣੀ ਰਟ ਤੇ ਅੜੇ ਹੋਏ ਹਨ। ਭਿੰਡਰਾਂ ਵਾਲੇ ਨੂੰ ਕੀ ਪਤਾ ਸੀ ਕਿ ਉਸਦੇ ਬੀਜੇ ਹੋਏ ਜ਼ਹਿਰ ਦੀ ਫਸਲ ਉਸਦੀ ਆਪਣੀ ਕੌਮ ਨੂੰ ਹੀ ਖਾਣੀ ਪੈਣੀ ਹੈ। ਪਿਛਲੇ ਚਾਰ ਸਾਲਾਂ ਵਿਚ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਜਿਥੇ ਵੀ ਉਹ ਆਪਣਾ ਜੱਥਾ ਲੈ ਕੇ ਘੁੰਮਿਆ, ਸਿਖਾਂ ਦੀ ਪਿਛਲੇ ਨਵੰਬਰ ਵਿਚ ਤਬਾਹੀ ਹੋਈ ਅਸੀਂ ਬੜੀ ਮਾਰ ਖਾਧੀ, ਲੁੱਟੇ ਗਏ ਜ਼ਿੰਦਾ ਸਾੜੇ ਗਏ ਤੇ ਅੰਤ ਬਰਬਾਦ ਹੋ ਗਏ। ਕਿਉਂ ਤੇ ਕਿਸ ਲਈ ? ਇਸਦਾ ਉਤਰ ਸਾਡੀ ਅਕਾਲੀ ਲੀਡਰ ਸਿੱਖ ਪਹਿਲਾਂ ਦੇਵੇ, ਫੇਰ ਅਸੀਂ ਕਿਸੇ ਹੋਰ ਤੋਂ ਪੁਛਣ ਦਾ ਹੱਕ ਰਖਦੇ ਹਾਂ।

ਗੁਰਸ਼ਰਨ ਜੀ, ਸਾਡੇ ਦਿਲਾਂ ਵਿਚ ਇਕ ਸਹਿਮ ਜਿਹਾ ਬੈਠ ਗਿਆ ਹੈ ਜੋ ਕਦੇ ਵੀ ਨਹੀਂ ਦੂਰ ਹੋ ਸਕਦਾ। ਪੰਜਾਬ ਵੀ ਜਾ ਕੇ ਕਿੱਥੇ ਰਹੀਏ ? ਓਹ ਲੋਕ ਵੀ ਬੇਵਸ ਹੋਈ ਬੈਠੇ ਹਨ। ਸਰਕਾਰ ਤਾਂ ਚਾਹੁੰਦੀ ਹੈ ਕਿ ਪੰਜਾਬ ਵੀ ਦੂਜਾ ਨਾਗਾਲੈਂਡ ਜਾਂ ਮਿਜ਼ੋਰਾਮ ਬਣ ਜਾਵੇ ਤਾਂ ਕਿ ਹਮੇਸ਼ਾਂ ਵਾਸਤੇ ਓਥੇ ਮਾਰਸ਼ਲ ਲਾ ਲੱਗਿਆ ਰਹੇ। ਸਰਕਾਰ ਤਾਂ ਚਾਹੁੰਦੀ ਹੈ ਕਿ ਕੁਲ ਭਾਰਤ ਦੇ ਸਿਖਾਂ ਨੂੰ ਇਕ ਥਾਂ ਇਕੱਠਾ ਕਰਕੇ ਘੇਰਾ ਪਾ ਲਿਆ ਜਾਵੇ ਤੇ ਦੁਨੀਆਂ ਨਾਲੋਂ ਅਲਗ ਬਲਗ ਕਰ ਦਿਤਾ ਜਾਵੇ। ਪਰ ਕੀ ਸਾਡੀ ਅਕਾਲੀ ਲੀਡਰਸ਼ਿਪ ਅਜੇ ਵੀ ਸਰਕਾਰ ਦੀ ਨਵੀਂ ਚਾਲ ਨਹੀਂ ਸਮਝੀ ?

ਪੰਜਾਬ ਦੇ ਫੈਸਲੇ ਲਈ ਹੁਣ ਵਕਤ ਬਹੁਤ ਘਟ ਰਹਿ ਗਿਆ ਹੈ। ਉਮੀਦ ਹੈ ਮਾਰਚ ਮਹੀਨੇ ਵਿਚ ਹੀ ਕੋਈ ਹਲ ਸਾਹਮਣੇ ਆ ਜਾਵੇਗਾ। ਤੁਸੀਂ ਠੀਕ ਲਿਖਿਆ ਹੈ ਭਾਵੇਂ ਅਕਾਲੀ ਮੰਨਣ ਜਾ ਨਾ ਮੰਨਣ, ਸਰਕਾਰ ਨੂੰ ਆਪਣੀ ਜ਼ੁੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸਾਰੇ ਸਿੱਖ ਸੰਸਾਰ ਦੀ ਨਜ਼ਰ ਪੰਜਾਬ ਵਲ ਲੱਗੀ ਹੋਈ ਹੈ। ਇਸ ਸਮੇਂ ਸਾਨੂੰ ਅਕਾਲੀਆਂ ਦੀ ਲੋੜ ਨਹੀਂ। ਤੁਸੀਂ ਆਪਣੀ ਬਲਵਾਨ ਕਾਰੀ ਨਾਲ ਜਾਗ੍ਰਤੀ ਪੈਦਾ ਕਰਦੇ ਰਹੋ, ਵਾਹਿਗੁਰੂ ਭਲੀ ਕਰੇਗਾ। ਕੋਈ ਸੇਵਾ।

ਸ਼ੁਭ ਕਾਮਨਾਵਾਂ ਨਾਲ—ਤੁਹਾਡਾ ਆਪਣਾ ਹਰਿੰਦਰ ਸਿੰਘ

---

ਇਕ ਟਿਪਣੀ

## ਸ਼ਾਇਰੀ ਵਿੱਚ ਉਸਤਾਦ ਦੀ ਲੋੜ

### ਜੈ ਦੇਵ ਸਿੰਘ

ਸਾਹਿਤ ਸਭਾ ਦਸੂਹਾ ਵਲੋਂ ਬੀਤੇ ਦਿਨੀ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੁਮਨ ਵਿਖੇ ਸਾਲਾਨਾਂ ਸਮਾਗਮ ਕਰਾਇਆ ਗਿਆ, ਜਿਸ ਵਿਚ ਉਭਰੇ ਕਈ ਹੋਰ ਨੁਕਤਿਆਂ ਤੋਂ ਅਲਾਵਾ ਸ਼ਾਇਰੀ ਵਿਚ ਉਸਤਾਦ ਦੀ ਲੋੜ ਤੇ ਬਹੁਤ ਜ਼ੋਰ ਦਿੱਤਾ ਗਿਆ। ਡਾ: ਰਣਧੀਰ ਸਿੰਘ ਚੰਦ ਜੀ ਦੀ ਉਸਤਾਦੀ ਸ਼ਗਿਰਦੀ ਵਾਲੀ ਗਲ ਤਾਂ ਕੁਝ ਇਕ ਨੂੰ ਛੱਡ ਕੇ ਸਾਰਿਆਂ ਨੂੰ ਕਾਇਲ ਕਰ ਗਈ ਸੀ ਤੇ ਖੁਸ਼ੀ ਦੀ ਗਲ ਇਹ ਕਿ ਇਸ ਬੈਠਕ ਵਿਚ ਕਈ ਨਾਮਵਰ ਉਸਤਾਦ ਸ਼ਾਇਰ ਵੀ ਪਧਾਰੇ ਹੋਏ ਸੀ ਕਿ ਜਿਵੇਂ ਜਨਾਬ ਦੀਪਕ ਜੈਤੋਈ ਜੀ, ਡਾ: ਰਣਧੀਰ ਸਿੰਘ ਚੰਦ, ਇਲਫਤ ਬਾਜਵਾ ਸਾਹਿਬ ਸਫਰੀ ਸਾਹਿਬ, ਜੱਸ ਸਾਹਿਬ ਤੇ ਕੁਝ ਹੋਰ ਸ਼ਾਇਰਵੀ ਮੌਜੂਦ ਸਨ।

ਪਹਿਲੀ ਬੈਠਕ ਸਮਾਪਤ ਹੁੰਦਿਆਂ ਹੀ ਸਭਾ ਵਲੋਂ ਬੜਾ ਹੀ ਲਜ਼ੀਜ਼ ਭੋਜਨ ਪ੍ਰੋਸਿਆ ਗਿਆ। ਕਿਉਂਕਿ ਭੋਜਨ ਤੋਂ ਛੇਤੀ ਪਿਛੋਂ ਕਵੀ ਦਰਬਾਰ ਸ਼ੁਰੂ ਹੋਣਾ ਸੀ

Registered with the Registrar, News Papers, Vide No MA/12397-D dated 18.4.80
Post Office No. P/AR—133

ਇਸ ਲਈ ਭੁਜਨ ਦਾ ਕੰਮ ਛੋਤੀ-ਨਬੇੜਨ ਦੀ ਸਾਰਿਆਂ ਨੂੰ ਬੇਨਤੀ ਵੀ ਕੀਤੀ ਗਈ। ਪਰ ਕੁਝ ਇਕ ਸ਼ਾਇਰਾਂ ਤੇ ਸਰੋਤਿਆਂ ਨੂੰ ਛਡ ਕੇ ਕੋਈ ਵੀ ਕਵੀ ਦਰਬਾਰ ਵਾਲੀ ਜਗਾ ਪੁਜ ਹੀ ਨਹੀਂ ਸੀ ਰਿਹਾ। ਸਾਥੀ ਲਾਲ ਸਿੰਘ ਤੇ ਬਲਜੀਤ ਬੱਲਾਂ ਦੇ ਬਾਰ ਬਾਰ ਸਪੀਕਰ ਤੇ ਬੋਲਣ ਦੇ ਬਾਵਜੂਦ ਵੀ ਨਾਂ ਸ਼ਾਇਰ ਆ ਰਹੇ ਸੀ ਤੇ ਨਾਂ ਹੀ ਪ੍ਰਬੰਧਕ। ਇਕ ਪ੍ਰਬੰਧਕ ਮੈਨੂੰ ਤੇ ਕੁਝ ਹੋਰ ਸਾਥੀਆਂ ਨੂੰ ਨਾਲ-ਲੈ ਕੇ, ਬਾਕੀ ਪ੍ਰਬੰਧਕਾਂ ਤੇ ਸ਼ਾਇਰਾਂ ਨੂੰ ਖੋਜਣ ਤੁਰ ਪਿਆ।

ਜਿਸ ਪਾਸੇ ਤੋਂ ਕੁਝ ਆਵਾਜ਼ਾਂ ਆ ਰਹੀਆਂ ਸੀ ਅਸੀਂ ਉਸ ਪਾਸੇ ਗਏ ਤਾਂ ਇਕ ਕਮਰੇ ਵਿਚੋਂ ਜਾਮ ਤੇ ਜਾਮ ਖੜਕ ਰਿਹਾ ਸੀ ਤੇ ਵਾਰਤਾਲਾਪ ਕੁਝ ਇਸ ਤਰਾਂ ਜਾਰੀ ਸੀ।

ਸ਼ਗਿਰਦ :—ਉਸਤਾਦ ਜੀ ਮੈਂ ਅੱਜ ਬਹੁਤ ਖੁਸ਼ ਹਾਂ ਤੇ ਮੈਂ ਅੱਜ ਦਿਲ ਤੁਹਾਡੀ ਖੁੱਲ੍ਹ ਕੇ ਸੇਵਾ ਕਰਨੀ ਹੈ

ਉਸਤਾਦ :—ਤੂੰ ਮੇਰਾ ਸੈਂਕੜੇ ਸ਼ਗਿਰਦਾਂ ਚੋਂ ਇਕ ਹੋਣਹਾਰ ਸ਼ਾਇਰ ਹੈਂ ਮੈਨੂੰ ਤੇਰੇ ਤੇ ਬਹੁਤ ਮਾਣ ਹੈ।

ਸ਼ਗਿਰਦ :—ਮੈਂ ਅੱਜ ਜੋ ਕੁਝ ਹਾਂ—ਇਹ ਤੁਹਾਡੀ ਬਦੌਲਤ ਹੀ ਤਾਂ ਹਾਂ।

ਉਸਤਾਦ :—ਉਸਤਾਦ ਤਾਂ ਰਾਹ ਦਸਦਾ ਹੈ... ਪਰ ਯਤਨ ਤੇਰਾ ਆਪਣੈ।

ਸ਼ਗਿਰਦ :—ਮੈਂ ਅੱਜ ਤੁਹਾਡੇ ਚਰਨਾਂ ਵਿਚ... ਸ਼ਰਾਬ ਦੇ-ਹੜ ਬਹਾ ਦਿਆਂਗਾ

ਉਸਤਾਦ :—ਨਾਂ ਬਈ ਅਸੀਂ ਹੜ ਨਹੀਂ ਵਗਣ ਦੇਣੇ...ਇਹ ਸਾਰੀ ਮੈਂ ਆਪ ਪੀਊਂ। (ਸਾਰੇ ਹਸਦੇ ਹਨ)

ਸ਼ਗਿਰਦ :— ਲਓ ਜੀ—ਹੋਰ (ਪੈਗ ਪਾਕੇ ਦਿੰਦਾ ਹੋਇਆ)

ਉਸਤਾਦ :—ਬਾਕੀ ਸ਼ਾਮ ਨੂੰ ਸਹੀ.. ਹੁਣ ਆਪਾਂ ਕਵੀ ਦਰਬਾਰ ਵਿਚ ਚਲੀਏ।

ਸ਼ਗਿਰਦ :—(ਮੋਟੀ ਸਾਰੀ ਗਾਲ ਕਢਕੇ) ਕਵੀ ਦਰਬਾਰ ਦੀ ਸਾਨੂੰ ਕੋਈ ਪ੍ਰਵਾਹ ਨਹੀਂ...ਆਹ ਬਚਦੀ ਆਪਾਂ ਪੀ ਕੇ ਜਾਵਾਂਗੇ।

ਉਸਤਾਦ :—ਅਜ਼ੀਜ਼ ਸ਼ਾਮ ਨੂੰ ਆਪਾਂ ਜਿਨੀ ਤੂੰ ਕਹੇਂਗਾ, ਪੀਆਂਗੇ...ਤੇ ਤੈਨੂੰ ਖੁਸ਼ ਕਰ ਦਿਆਂਗੇ।

ਸ਼ਗਿਰਦ :—ਬੋਤਲ ਚੋਂ ਬਚਦੀ ਸਾਰੀ ਗਲਾਸ ਵਿਚ ਪਾ ਕੇ) ਪਹਿਲੇ ਸੈਸ਼ਨ ਦਾ ਲਵਲੀ ਪੈਗ (ਸਾਰੇ ਲੈਂਦੇ ਹਨ ਤੇ ਗਲਾਸ ਖਾਲੀ ਕਰਦੇ ਹਨ)

ਸ਼ਗਿਰਦ :—ਮੇਰੇ ਗਰੂ ਜੀ ਸ਼ਾਮ ਨੂੰ ਤੁਸੀਂ ਮੇਰੇ ਕੋਲ ਠਹਿਰੋਗੇ ਨਾਂ

ਉਸਤਾਦ :—ਬਿਲਕੁਲ—ਅੱਜ ਦਾ ਦਿਨ...ਤੇ ਰਾਤ ਤੇਰੇ ਲੇਖੇ।

ਸ਼ਗਿਰਦ :—ਸ਼ਾਮ ਨੂੰ ਮੈਂ ਤੁਹਾਨੂੰ ਫੁਲ ਸ਼ਰਾਬੀ ਕਰਨੈ.. ਫੁਲ...ਫੇਰ ਬੇਸ਼ਕ ਤੁਸੀ ਵੀ ਮੰਜੇ ਤੋ ਮੂਤੋ ਤੇ ਮੈਂ ਵੀ ਸਾਨੂੰ ਕੋਈ ਰੋਕ ਸਕਦੈ। ਮੇਰੇ ਲਾਗੇ ਖੜਾ ਇਕ ਸਾਥੀ ਬੋਲਿਆ ਧਾਰ ਲਓ ਉਸਤਾਦ...ਤੇ ਅਮਲੀ ਰਾਮੇ ਰਮੀ ਓਥੋਂ ਆ ਗਏ ਪਤਾ ਨਹੀਂ ਓਥੇ ਫਿਰ ਕਵੀ ਦਰਬਾਰ ਹੋਇਆ ਕਿ ਕਹਾਣੀ ਦਰਬਾਰ ੦

---

## ਕ੍ਰਾਂਤੀਕਾਰੀ ਸਾਹਿਤ ਸਭਾ ਦਾ ਸਾਲਾਨਾ ਸਮਾਗਮ

## 22 ਅਪ੍ਰੈਲ, ਪਿੰਡ ਧੌਲਾ (ਤਹਿਸੀਲ ਬਰਨਾਲਾ) ਵਿਖੇ ਹੋ ਰਿਹਾ ਹੈ

ਪ੍ਰੋਗਰਾਮ ਦਿਨ ਦੇ 11 ਵਜੇ ਸ਼ੁਰੂ ਹੋਵੇਗਾ। ਆਲ ਇੰਡੀਆ ਲੀਗ ਵਾਰ ਰੈਵੂਲੂਸ਼ਨਰੀ ਕਲਚਰ ਦੇ ਡਰਾਫਟ ਮੈਨੀਫੈਸਟੋ ਨੂੰ ਆਧਾਰ ਬਣਾਉਂਦਿਆਂ ਹੋਇਆ ਕ੍ਰਾਂਤੀ ਪ੍ਰਤੀ ਇਕ ਲੇਖਕ ਦੇ ਕਰਤੱਵ ਉਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਹੋਵੇਗਾ। ਮੈਨੀਫੈਸਟੋ ਦਾ ਪੰਜਾਬੀ ਰੂਪ ਬਾਰੂ ਸੱਤਵਰਗ ਪੇਸ਼ ਕਰਨਗੇ।

ਰਾਤ ਨੂੰ ਧੌਲਾ ਵਿਖੇ ਹੀ ਇਕ ਵਡੀ ਪੱਧਰ ਤੇ ਨਾਟਕ ਅਤੇ ਸਭਿਆਚਾਰਕ ਪ੍ਰੋਗਰਾਮ ਹੋਵੇਗਾ। ਜਿਸ ਵਿਚ ਅੰਮ੍ਰਿਤਸਰ, ਮਾਨਸਾ, ਅਤੇ ਭਦੌੜ ਤੋਂ ਨਾਟਕ ਅਤੇ ਸੰਗੀਤ ਮੰਡਲੀਆਂ ਹਿੱਸਾ ਲੈਣਗੀਆਂ। ਸਮਾਗਮ ਤੇ ਆਏ ਮਹਿਮਾਨਾਂ ਦਾ ਰੋਟੀ ਅਤੇ ਰਹਿਣ ਆਦਿਕ ਦਾ ਪੂਰਾ ਪ੍ਰਬੰਧ ਕੀਤਾ ਜਾਏਗਾ। ਇਸ ਵਿਸ਼ਾਲ ਸਮਾਗਮ ਤੇ ਸਾਰੇ ਲੋਕਾਂ ਨੂੰ ਆਉਣ ਦਾ ਸਦਾ ਹੈ।

ਬਾਰੂ ਸੱਤਵਰਗ,
**ਜ.ਸ. ਕ੍ਰਾਂਤੀਕਾਰੀ ਸਾਹਿੱਤ ਸਭਾ, ਪੰਜਾਬ।**

---

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ** ਦੀਆਂ ਦੋ ਨਵੀਆਂ ਪੁਸਤਕਾਂ
ਪੰਜਾਬ ਦੇ ਮੌਜੂਦਾ ਹਾਲਾਤ ਤੇ ਬਾਰੂ ਸਤਵਰਗ ਦਾ ਨਾਵਲ **ਫੱਟੜ ਸੋਹਣੀ** ਮੁੱਲ 4/-
1980-84 ਦੀ ਪ੍ਰਗਤੀਵਾਦੀ ਕਾਵਿ-ਧਾਰਾ ਦੀ ਚੋਣਵੀ ਕਵਿਤਾ
**ਬੇਸੁਰਾ ਮੌਸਮ** ਸੰਪਾਦਕ ਡਾਕਟਰ ਕਰਮਜੀਤ ਸਿੰਘ ਕੁਰੂਕਸ਼ੇਤਰਾ ਯੂਨੀਵਰਸਿਟੀ ਮੁੱਲ 4/-